

# ਅੰਮ੍ਰਿਤ ਕੀਰਤਨ

ਮਈ 2015

**Posting Date**
**01 ਮਈ 2015**

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਬਾਰਹਮਾਹ - ਭਾਦੋਂ



ਭਾਦੋਂ ਭੁੱਲੀਉ ਭੱਲੀਉ ਸਹੀਓ,
ਕਿਧਰ ਗਿਆ ਮਹੀਂਵਾਲਾ ਨੀ।

ਜਿਸਦਾ ਰੂਪ ਨੂਰਾਨੀ ਸੋਹਣਾ
ਜੋਬਨ ਤੇ ਮਤਵਾਲਾ ਨੀ।

ਮੰਦਰ ਮਸੀਤਾਂ ਗਿਰਜੇ ਵਸਦਾ,
ਖ਼ਾਲੀ ਨ ਕੋਈ ਸ਼ਿਵਾਲਾ ਨੀ।

ਨ ਮਿਲਦਾ ਪਰ ਮੈਨੂੰ ਸਈਓ,
ਪੰਥ ਹੈ ਉਹਦਾ ਨਿਰਾਲਾ ਨੀ

ਇਕੋ ਨਜ਼ਰ ਸਵੱਲੀ ਕਰਦਾ,
ਕੀ ਗੋਰਾ ਕੀ ਕਾਲਾ ਨੀ।

ਸੰਤੋਖ ਸਿੰਘ ਜੋ ਮਾਰਗ ਦਸਿਉ,
ਕੋਈ ਪੰਥ ਸੁਖਾਲਾ ਨੀ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


## ਇਸ ਅੰਕ ਵਿਚ


ਸੰਪਾਦਕੀ : ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ 4

ਗੁਰਮਤਿ ਸੰਗੀਤ ਵਿਚ ਰਾਗ ਗੋਂਡ 6
ਡਾ. ਗੁਰਨਾਮ ਸਿੰਘ

ਸੰਗੀਤ ਕਲਾ ਦੀ ਸਿੱਖਿਆ ਵਿਚ ਗੁਰੂ ਦੀ ਭੂਮਿਕਾ 8
ਡਾ. ਹਰਮਿੰਦਰ ਕੌਰ

ਡਾ.ਗੁਰਨਾਮ ਸਿੰਘ ਕ੍ਰਿਤ ਪੰਜਾਬੀ ਭਾਸ਼ਾਈ ਸੰਗੀਤ ਪੁਸਤਕਾਂ : ਵਿਸ਼ਾ-ਵਸਤੂ, ਸਾਰਥਕਤਾ ਅਤੇ ਸੰਭਾਵਨਾਵਾਂ
ਡਾ.ਰਿਸ਼ਪਾਲ ਸਿੰਘ 12

ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼ 22

ਸੁਰ ਲਿਪੀ : ਰਾਗ ਬਿਲਾਵਲ 25
ਜਬਰਜੰਗ ਸਿੰਘ

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26


### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-

# ਸਤਿਗੁਰ ਕੋਟ ਪੈਂਡਾ ਆਗੈ ਹੋਇ ਲੇਤ ਹੈ

ਭਾਈ ਗੁਰਦਾਸ ਜੀ ਦੇ ਕਬਿੱਤ ਦੀ ਪੂਰੀ ਪੰਗਤੀ ਹੈ:

**ਚਰਨ ਸਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰ**

**ਕੋਟ ਪੈਂਡਾ ਆਗੈ ਹੋਇ ਲੇਤ ਹੈ।**

ਇਹ ਪੰਗਤੀ ਹਮੇਸ਼ਾ ਮੈਨੂੰ ਉਤਸ਼ਾਹਿਤ ਕਰਦੀ ਰਹੀ ਹੈ। ਮੇਰੇ ਇਕ ਅਧਿਆਪਕ ਨੇ ਇਸ ਦੇ ਅਰਥ ਕਰਦਿਆਂ ਦੱਸਿਆ ਸੀ ਕਿ ਇਸ ਦੇ ਅਰਥ ਇਹ ਵੀ ਹਨ ਕਿ ਜਦੋਂ ਤੁਸੀਂ ਸਤਿਗੁਰ ਦੇ ਰਾਹ 'ਤੇ ਚਲਦੇ ਹੋ ਤਾਂ ਸਤਿਗੁਰ ਕਈ ਹੋਰ ਐਸੇ ਸਾਧਨ ਬਣਾ ਦਿੰਦਾ ਹੈ ਜਿਹਨਾਂ ਨਾਲ ਤੁਹਾਨੂੰ ਉਹ ਕੰਮ ਕਰਨ ਵਿਚ ਸਫਲਤਾ ਮਿਲ ਸਕਦੀ ਹੈ।

ਪਿਛਲੇ ਅੰਕਾਂ ਵਿਚ ਅਸੀਂ ਇਕ ਸਮੱਸਿਆ ਦੇ ਹੱਲ ਸੰਬੰਧੀ ਪ੍ਰਸ਼ਨ ਆਪਣੇ ਪਾਠਕਾਂ ਅੱਗੇ ਰੱਖਿਆ ਸੀ । ਸਾਨੂੰ ਖੁਸ਼ੀ ਭਰੀ ਹੈਰਾਨੀ ਹੋਈ ਅਨੇਕਾਂ ਪਾਠਕਾਂ ਨੇ ਕਈ ਪ੍ਰਕਾਰ ਦੇ ਹਲ ਸੁਝਾਏ ਹਨ। ਸੱਚ ਮੁੱਚ ਹੀ ਗੁਰੂ ਆਪ ਅੱਗੇ ਹੋ ਕੇ ਸਹਾਇਤਾ ਕਰਦਾ ਹੈ। ਸੰਗਤ ਨੂੰ ਗੁਰੂ ਰੂਪ ਕਿਹਾ ਜਾਂਦਾ ਹੈ। ਸਾਡਾ ਪਾਠਕ ਵਰਗ ਵੀ ਤਾਂ ਸੰਗਤ ਹੀ ਹੈ। ਹੁਣ ਸਾਡਾ ਵਿਸ਼ਵਾਸ ਹੋਰ ਪੱਕਾ ਹੋ ਗਿਆ ਹੈ ਕਿ ਜੇ ਸਮੱਸਿਆ ਕਿਸੇ ਸਾਰਥਕ ਕਾਰਜ ਬਾਰੇ ਹੈ ਤਾਂ ਇਸ ਦੇ ਹੱਲ ਜ਼ਰੂਰ ਨਿਕਲਣਗੇ।

ਇੰਝ ਸੋਚਣ ਨਾਲ ਤਾਂ

ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥

ਸਤਿਗੁਰ ਤੁਮਰੇ ਕਾਜ ਸਵਾਰੇ॥

ਜਿਹੀਆਂ ਤੁਕਾਂ ਦੇ ਅਰਥ ਹੋਰ ਡੂੰਘੇਰੇ ਜਾਪਣ ਲੱਗ ਪਏ। ਇਸ ਲਈ ਆਪਣੇ ਪਾਠਕਾਂ ਅੱਗੈ ਸਾਡੀ ਬੇਨਤੀ ਹੈ ਕਿ ਉਹ ਆਪਣੀਆਂ ਨਿਜੀ, ਪਰਿਵਾਰਕ, ਸਮਾਜਕ ਆਰਥਕ ਜਾਂ ਹੋਰ ਸਮੱਸਿਆਵਾਂ ਸਾਡੇ ਨਾਲ ਸਾਂਝੀਆਂ ਕਰਨ। ਅਸੀਂ ਗੁਰੂ (ਸੰਗਤ) ਅੱਗੇ ਉਹਨਾਂ ਨੂੰ ਹੱਲ ਕਰਨ ਲਈ ਅਰਦਾਸ ਕਰਾਂਗੇ। ਸਾਨੂੰ ਵਿਸ਼ਵਾਸ ਹੈ ਕਿ ਸਾਡੀ ਅਰਦਾਸ ਬਿਰਥੀ ਨਹੀਂ ਜਾਵੇਗੀ। ਸਾਡੀ ਸੰਗਤ ਵਿਚ ਅਜਿਹੇ ਸਫਲ ਅਤੇ ਤਜ਼ਰਬੇਕਾਰ ਵਿਅਕਤੀ ਸ਼ਾਮਲ ਹਨ ਜਿਹੜੇ ਦੂਜਿਆਂ ਦੀ ਸਹਾਇਤਾ ਕਰਨ ਲਈ ਤਤਪਰ ਰਹਿੰਦੇ ਹਨ। ਇਹਨਾਂ ਵਿਚ ਸਫਲ ਡਾਕਟਰ, ਸਫਲ ਵਪਾਰੀ, ਯੂਨੀਵਰਸਿਟੀਆਂ ਦੇ ਪ੍ਰੋਫੈਸਰ,

ਸਿਆਸਤਦਾਨ, ਸਮਾਜ ਸੇਵੀ, ਆਈ ਏ ਐਸ, ਪੀ ਸੀ ਐਸ. ਮਿਲਟਰੀ ਦੇ ਅਰਫਸਰ, ਲੇਖਕ, ਕਲਾਕਾਰ, ਸੰਗੀਤਕਾਰ ਆਦਿ ਸ਼ਾਮਲ ਹਨ। ਇਸ ਲਈ ਗੁਰੂ ਕਿਰਪਾ ਸਦਕਾ ਤੁਹਾਡੀ ਹਰ ਸਮੱਸਿਆ ਦਾ ਹੱਲ ਨਿਕਲੇਗਾ।

ਤੁਸੀਂ ਆਪਣੀ ਸਮੱਸਿਆ ਸਾਨੂੰ ਭੇਜਕੇ ਇਕ ਸਾਰਥਕ ਕਾਰਜ ਕਰ ਰਹੇ ਹੋਵੋਗੇ। ਇਸ ਨਾਲ ਜਿੱਥੇ ਤੁਹਾਡਾ ਭਲਾ ਹੋਵੇਗਾ, ਉਥੇ ਇਹ ਮੈਗਜ਼ੀਨ ਹੋਰ ਪੜ੍ਹਨ ਵਾਲਿਆਂ ਹੋਰ ਅਨੇਕਾਂ ਨੂੰ ਲਾਭ ਮਿਲੇਗਾ। ਕਈਆਂ ਵਿਚ ਇਤਨਾ ਹੌਂਸਲ ਜਾਂ ਤਤਪਰਤਾ ਨਹੀਂ ਹੁੰਦੀ ਕਿ ਉਹ ਸਮੱਸਿਆਵਾਂ ਸਾਰਿਆਂ ਅੱਗੇ ਰੱਖ ਸਕਣ। ਕਈਆਂ ਵਿਚ ਇਕ ਖਾਸ ਪ੍ਰਕਾਰ ਦੀ ਝਿਜ਼ਕ ਹੁੰਦੀ ਹੈ ਕਈ ਆਪਣਾ ਦੁੱਖ ਕਿਸੇ ਨੂੰ ਦੱਸਣਾ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਹਨ। ਮੈਗਜ਼ੀਨ ਵਿਚ ਸਮੱਸਿਆ ਦਾ ਹੱਲ ਛਾਪਣ ਨਾਲ ਉਹਨਾਂ ਦਾ ਵੀ ਭਲਾ ਹੋਣ ਦੀ ਸੰਭਾਵਨਾਂ ਹੈ।

ਤੁਸੀਂ ਆਪਣੀ ਸਮੱਸਿਆਵਾਂ ਚਿੱਠੀ ਰਾਹੀਂ ਅੰਮ੍ਰਿਤ ਕੀਰਤਨ ਦੇ ਐੱਡਰੈਸ ਤੇ ਜਾਂ ਮੁਬਾਇਲ ਨੰ: 09814053630 ਉੱਤੇ ਐਸ ਐੱਮ ਐੱਸ ਰਾਹੀਂ ਭੇਜ ਸਕਦੇ ਹੋ। ਸੋ ਆਓ ਇਸ ਸਮਾਜ ਨੂੰ ਸੰਗੀਤ ਭਰਪੂਰ ਅਤੇ ਸੁਹਾਵਣਾ ਬਣਾਉਣ ਲਈ ਆਪਣਾ ਯੋਗਦਾਨ ਪਾਈਏ।

ਤੁਹਾਡੇ ਹੁੰਗਾਰੇ ਦੀ ਉਡੀਕ ਵਿਚ।



# ਗੁਰਮਤਿ ਸੰਗੀਤ ਵਿਚ ਰਾਗ ਗੋਂਡ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਵਿਧਾਨ ਦੇ ਅੰਤਰਗਤ ਗੋਂਡ ਰਾਗ ਨੂੰ ਸਤਾਰਵੇਂ ਸਥਾਨ 'ਤੇ ਅੰਕਿਤ ਕੀਤਾ ਗਿਆ ਹੈ। ਇਹ ਭਾਰਤੀ ਸੰਗੀਤ ਦਾ ਇਕ ਪ੍ਰਾਚੀਨ ਅਤੇ ਅਪ੍ਰਚਲਿਤ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਸ ਰਾਗ ਨੂੰ ਗੋਂਡ, ਗੌਡ ਅਤੇ ਗੌਂਡ ਨਾਵਾਂ ਨਾਲ ਅੰਕਿਤ ਕੀਤਾ ਗਿਆ ਹੈ। ਗੋਂਡ ਰਾਗ ਦੇ ਅੰਤਰਗਤ ਗੁਰੂ ਰਾਮਦਾਸ ਦੇ ਛੇ ਪਦੇ ਅਤੇ ਗੁਰੂ ਅਰਜਨ ਦੇਵ ਜੀ ਦੇ 22 ਪਦੇ ਤੇ ਇਕ ਅਸ਼ਟਪਦੀ ਅੰਕਿਤ ਹਨ। ਇਸ ਤੋਂ ਬਿਨਾਂ ਭਗਤ ਕਬੀਰ ਜੀ ਦੇ ਗਿਆਰਾਂ ਪਦੇ, ਭਗਤ ਨਾਮਦੇਵ ਜੀ ਦੇ ਸਤ ਪਦੇ ਅਤੇ ਭਗਤ ਰਵਿਦਾਸ ਜੀ ਦੇ ਦੋ ਪਦੇ ਇਸ ਰਾਗ ਦੇ ਅੰਤਰਗਤ ਦਰਜ ਹੈ।

ਪ੍ਰੋ. ਪਿਆਰਾ ਸਿੰਘ ਪਦਮ ਗੋਂਡ ਰਾਗ ਸਬੰਧੀ ਲਿਖਦੇ ਹਨ ਕਿ ਇਸ ਰਾਗ ਵਿਚ ਧਨਾਸਰੀ, ਮਲਾਰ ਅਤੇ ਬਿਲਾਵਲ ਰਾਗਾਂ ਦਾ ਮਿਸ਼ਰਣ ਹੈ। ਪ੍ਰਿੰਸੀਪਲ ਸਤਬੀਰ ਸਿੰਘ ਜੀ ਦਾ ਇਸ ਰਾਗ ਦੇ ਗਾਇਨ ਸਬੰਧੀ ਵਿਚਾਰ ਹੈ ਕਿ ਗੋਂਡ ਰਾਗ ਦਾ ਗਾਇਨ ਸਮਾਂ ਵੈਸੇ ਤਾਂ ਅੱਧੀ ਰਾਤ ਦਾ, ਪਰ ਬਾਰਿਸ਼ ਦੇ ਮੌਸਮ ਵਿਚ ਹਰ ਸਮੇਂ ਗਾਇਆ ਜਾ ਸਕਦਾ ਹੈ।

ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ਨ ਅਨੁਸਾਰ ਇਹ ਸੰਪੂਰਨ ਜਾਤੀ ਦਾ ਰਾਗ ਹੈ ਜਿਸ ਵਿਚ ਸ਼ੜਜ, ਰਿਸ਼ਭ, ਮਧਿਅਮ, ਪੰਚਮ ਅਤੇ ਨਿਸ਼ਾਦ ਸ਼ੁੱਧ ਅਤੇ ਗੰਧਾਰ, ਧੈਵਤ ਕੋਮਲ ਲਗਦੇ ਹਨ। ਇਸ ਦਾ ਵਾਦੀ ਪੰਚਮ, ਸੰਵਾਦੀ ਮਧਿਅਮ ਅਤੇ ਗਾਉਣ ਦਾ ਸਮਾਂ ਦੁਪਹਿਰ ਹੈ। ਗੁਰੂ ਕਾਲ ਦੇ ਸਮਕਾਲੀ ਭਾਰਤੀ ਸੰਗੀਤ ਗ੍ਰੰਥ 'ਸੰਗੀਤ ਰਤਨਾਕਰ' ਦੇ ਪੰਨਾ 6 'ਤੇ ਇਸ ਰਾਗ ਨੂੰ ਰਾਗਾਂਗ ਰਾਗ ਦਰਸਾਇਆ ਗਿਆ ਹੈ।

ਗੋਂਡ ਰਾਗ ਪ੍ਰਾਚੀਨ ਰਾਗ ਹੋਣ ਕਰਕੇ ਇਸ ਦੇ ਕਈ ਸਰੂਪ ਮਿਲਦੇ ਹਨ। ਕਈ ਵਿਦਵਾਨ ਇਸ ਰਾਗ ਨੂੰ ਕਾਫੀ ਥਾਟ ਅਤੇ ਕਈ ਇਸ ਨੂੰ ਬਿਲਾਵਲ ਥਾਟ ਜਨਯ ਰਾਗ ਰਾਗ ਮੰਨਦੇ ਹਨ। ਆਧੁਨਿਕ ਭਾਰਤੀ ਸੰਗੀਤ ਦੇ ਨਵ-ਨਿਰਮਾਤਾ ਪੰ. ਵਿਸ਼ਨੂ ਨਾਰਾਇਣ ਭਾਤਖੰਡੇ ਗੋਂਡ ਰਾਗ ਬਾਰੇ ਆਪਣੇ ਗ੍ਰੰਥ ਵਿਚ ਲਿਖਦੇ ਹਨ ਗੋਂਡ ਇਕ ਕਾਫ਼ੀ ਥਾਟ ਤੋਂ ਉਤਪੰਨ ਹੋਣ ਵਾਲਾ ਅਪ੍ਰਸਿੱਧ ਰੂਪ ਹੈ। ਇਸ ਰਾਗ ਦੇ ਪੂਰਵਾਂਗ ਵਿਚ ਕਾਨੜਾ ਅਤੇ ਉਤਰਾਂਗ ਵਿਚ ਮਲਾਰ ਦਾ ਮਿਸ਼ਰਣ ਹੈ। ਇਸ ਦਾ ਵਾਦੀ ਸੁਰ ਪੰਚਮ ਅਤੇ ਉਤਰਾਂਗ ਵਿਚ ਮਲਾਰ ਦਾ ਮਿਸ਼ਰਣ ਹੈ। ਇਸ ਦਾ ਵਾਦੀ ਸੁਰ ਪੰਚਮ ਅਤੇ ਸੰਵਾਦੀ ਸ਼ੜਜ ਹੈ। ਇਸ ਰਾਗ ਦਾ ਗਾਇਨ ਸਮਾਂ ਰਾਤ ਦਾ ਅੰਤਿਮ ਪਹਿਰ ਹੈ। ਇਸ ਦਾ ਚਲਨ ਰਿਸ਼ਭ ਗੰਧਾਰ (ਕੋਮਲ) ਰਿਸ਼ਭ ਮਧਿਅਮ ਗੰਧਾਰ (ਕੋਮਲ) ਰਿਸ਼ਭ ਸ਼ੜਜ ਮੰਨਿਆ ਹੈ।

ਕੁਝ ਵਿਦਵਾਨ ਗੋਂਡ ਰਾਗ ਦੀਆਂ ਉਪਰੋਕਤ ਵਿਸ਼ੇਸ਼ਤਾਵਾਂ ਨੂੰ ਸਵੀਕਾਰਦੇ ਹੋਏ ਉਸ ਦੇ ਚਲਨ ਵਿਚ ਥੋੜਾ ਵਖਰੇਵਾਂ ਮੰਨਦੇ ਹਨ, ਮਧਿਅਮ, ਪੰਚਮ, ਧੈਵਤ ਸ਼ੜਜ (ਤਾਰ ਸਪਤਕ), ਧੈਵਤ, ਰਿਸ਼ਭ (ਤਾਰ ਸਪਤਕ), ਸ਼ੜਜ (ਤਾਰ ਸਪਤਕ), ਨਿਸ਼ਾਦ (ਕੋਮਲ) ਪੰਚਮ, ਮਧਿਅਮ ਪੰਚਮ, ਗੰਧਾਰ (ਕੋਮਲ) (ਅੰਦੋਲਿਤ), ਮਧਿਅਮ ਰਿਸ਼ਭ, ਸ਼ੜਜ ਨਿਸ਼ਾਦ (ਮੰਦਰ ਸਪਤਕ) ਸ਼ੜਜ।

ਗੁਰਮਤਿ ਸੰਗੀਤ ਵਿਚ ਸਿੱਖ ਰਬਾਬੀ ਕੀਰਤਨੀਆਂ ਅਤੇ ਵਿਦਵਾਨਾਂ ਨੇ ਗੋਂਡ ਰਾਗ ਨੂੰ ਬਿਲਾਵਲ ਥਾਟ ਅਧੀਨ ਸਵੀਕਾਰਿਆ ਹੈ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਅਤੇ ਰਾਗ ਨਿਰਨਾਇਕ ਕਮੇਟੀ ਨੇ ਵੀ ਇਸ ਸਰੂਪ ਨੂੰ ਹੀ ਪ੍ਰਵਾਨ ਕੀਤਾ ਹੈ। ਇਸ ਸਰੂਪ ਵਿਚ ਰਾਗ ਦੀ ਜਾਤੀ ਸੰਪੂਰਨ ਮੰਨੀ ਗਈ ਹੈ। ਇਸ ਦਾ ਵਾਦੀ ਸ਼ੜਜ ਸੰਵਾਦੀ ਮਧਿਅਮ ਮੰਨਿਆ ਗਿਆ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਮੰਨਿਆ ਗਿਆ ਹੈ। ਆਰੋਹ : ਸ਼ੜਜ ਰਿਸ਼ਭ ਗੰਧਾਰ ਮਧਿਅਮ, ਪੰਚਮ ਧੈਵਤ ਨਿਸ਼ਾਦ ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ);

ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਨਿਸ਼ਾਦ ਪੰਚਮ, ਮਧਿਅਮ ਗੰਧਾਰ, ਰਿਸ਼ਭ ਸ਼ੜਜ; ਮੁੱਖ ਅੰਗ : ਰਿਸ਼ਭ ਗੰਧਾਰ ਮਧਿਅਮ, ਪੰਚਮ ਮਧਿਅਮ, ਮਧਿਅਮ ਪੰਚਮ ਨਿਸ਼ਾਦ ਧੈਵਤ ਨਿਸ਼ਾਦ ਪੰਚਮ, ਧੈਵਤ ਮਧਿਅਮ ਗੰਧਾਰ ਮਧਿਅਮ, ਗੰਧਾਰ ਰਿਸ਼ਭ ਸ਼ੜਜ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਦੇ ਰਾਗ ਪ੍ਰਬੰਧ ਵਿਚ ਰਾਗ ਗੋਂਡ ਦੇ ਅਧੀਨ ਹੀ ਇਕ ਹੋਰ ਰਾਗ ਪ੍ਰਕਾਰ "ਬਿਲਾਵਲ ਗੋਂਡ" ਦਰਜ ਹੈ। ਇਸ ਰਾਗ ਨੂੰ ਵੀ ਅਪ੍ਰਚਲਿਤ ਅਤੇ ਅਪ੍ਰਸਿੱਧ ਰਾਗਾਂ ਦੀ ਸ਼੍ਰੇਣੀ ਵਿਚ ਰਖਿਆ ਜਾਂਦਾ ਹੈ। ਇਸ ਰਾਗ ਦੇ ਨਾਮ ਤੋਂ ਹੀ ਸਪਸ਼ਟ ਹੈ ਕਿ ਇਹ ਰਾਗ ਦੋ ਰਾਗਾਂ, ਬਿਲਾਵਲ ਅਤੇ ਗੋਂਡ ਰਾਗ ਦੀਆਂ ਮਧੁਰ ਸੁਰਾਵਲੀਆਂ ਦੇ ਸੁਮੇਲ ਤੋਂ ਉਤਪੰਨ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਭਾਰਤੀ ਸੰਗੀਤ ਪੱਧਤੀ ਦੇ ਹੋਰ ਕਿਸੇ ਗ੍ਰੰਥ ਵਿਚ ਇਸ ਰਾਗ ਦਾ ਉਲੇਖ ਨਹੀਂ ਮਿਲਦਾ। ਬਿਲਾਵਲ ਗੌਂਡ ਗੁਰਮਤਿ ਸੰਗੀਤ ਦਾ ਮਿਸ਼ਰਿਤ ਰਾਗ ਹੈ ਜਿਸ ਨੂੰ ਬਿਲਾਵਲ ਅਤੇ ਗੌਂਡ ਦੋਹਾਂ ਦੇ ਸੁਮੇਲ ਦੁਆਰਾ ਗਾਉਣ ਦੀ ਪ੍ਰਥਾ ਹੈ। ਇਹ ਗੁਰਮਤਿ ਸੰਗੀਤ ਪਰੰਪਰਾ ਦਾ ਮੌਲਿਕ ਰਾਗ ਹੈ। ਇਸ ਰਾਗ ਦਾ ਸਰੂਪ ਅਸੀਂ ਮੁਹੰਮਦ ਸ਼ਾਹ ਰੰਗੀਲੇ ਦੇ ਦਰਬਾਰੀ ਗਾਇਕ ਨਿਆਮਤ ਖਾਂ ਸਦਾ ਰੰਗ ਦੇ ਇਕ ਖਿਆਲ ਦੇ ਆਧਾਰ ਤੇ ਨਿਰਧਾਰਿਤ ਕੀਤਾ ਹੈ। ਇਹ ਖਿਆਲ ਬੰਦਿਸ਼ ਗਵਾਲੀਅਰ ਘਰਾਣੇ ਦੇ ਪ੍ਰਸਿੱਧ ਗਾਇਕ ਪੰਡਿਤ ਸਦਾ ਸ਼ਿਵ (ਪੰਡਿਤ ਵਿਸ਼ਣੂ ਦਿਗੰਬਰ ਪਲੁਸਕਰ ਦੇ ਗੁਰੂ ਭਾਈ) ਰਚਿਤ ਪੁਸਤਕ ਭਾਰਤੀਯ ਸੰਗੀਤ ਮਾਲਾ ਭਾਗ-ਦੂਜਾ ਦੇ ਪੰਨਾ 88-89 ਤੇ ਸੁਰ ਲਿਪੀ ਸਹਿਤ ਅੰਕਿਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਅਧੀਨ ਭਗਤ ਨਾਮਦੇਵ ਜੀ ਦਾ ਇਕ ਸ਼ਬਦ ਪੰਨਾ 874-75 ਉਪਰ ਅੰਕਿਤ ਹੈ। ਰਾਗ ਗੋਂਡ ਬਿਲਾਵਲ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਜਾਂਦੀ ਹੈ। ਇਸ ਰਾਗ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ। ਇਸ ਦੇ ਆਰੋਹ ਤੇ ਅਵਰੋਹ ਵਿਚ ਸੱਤ ਸੁਰ ਵਕਰ ਢੰਗ ਨਾਲ ਪ੍ਰਯੋਗ ਕੀਤੇ ਜਾਂਦੇ ਹਨ। ਇਸ ਲਈ ਇਸ ਦੀ ਜਾਤੀ ਵਕਰ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਸੁਰ ਧੈਵਤ ਮੰਨਿਆ ਜਾਂਦਾ ਹੈ। ਇਸ ਰਾਗ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ।

ਬਿਲਾਵਲ ਗੋਂਡ ਦੇ ਇਕ ਹੋਰ ਸਰੂਪ ਨੂੰ ਥਾਟ ਬਿਲਾਵਲ ਦੇ ਅੰਤਰਗਤ ਮੰਨਿਆ ਜਾਂਦਾ ਹੈ। ਇਸ ਰਾਗ ਵਿਚ ਸੁਰ ਸਾਰੇ ਸ਼ੁੱਧ ਸੁਰ ਪ੍ਰਯੋਗ ਕੀਤੇ ਜਾਂਦੇ ਹਨ। ਇਸ ਦੀ ਜਾਤੀ ਵਰਕ-ਸੰਪੂਰਨ ਹੈ। ਇਸ ਦਾ ਵਾਦੀ ਸੁਰ ਗੰਧਾਰ, ਅਤੇ ਸੰਵਾਦੀ ਧੈਵਤ ਮੰਨਿਆ ਜਾਂਦਾ ਹੈ। ਇਸ ਰਾਗ ਨੂੰ ਦਿਨ ਦੇ ਦੂਜੇ ਪਹਿਰ ਗਾਇਆ ਵਜਾਇਆ ਜਾਂਦਾ ਹੈ। ਰਾਗ ਨਿਰਣਾਇਕ ਕਮੇਟੀ ਨੇ ਰਾਗ ਬਿਲਾਵਲ ਗੋਂਡ ਦਾ ਸਰੂਪ ਇਸ ਤਰਾਂ ਪ੍ਰਵਾਨ ਕੀਤਾ ਹੈ ਜਿਸ ਅਨੁਸਾਰ ਰਾਗ ਦੀ ਉਤਪਤੀ ਥਾਟ ਬਿਲਾਵਲ ਤੋਂ ਮੰਨੀ ਗਈ ਹੈ। ਇਸ ਦੀ ਜਾਤੀ ਵਕਰ ਸੰਪੂਰਨ ਹੈ। ਇਸ ਦਾ ਵਾਦੀ ਸੁਰ ਗੰਧਾਰ, ਸੰਵਾਦੀ ਸੁਰ ਧੈਵਤ ਹੈ। ਇਸ ਦਾ ਗਾਇਨ ਸਮਾਂ ਦਿਨ ਦਾ ਦੂਜਾ ਪਹਿਰ ਹੈ। ਇਸ ਦਾ ਆਰੋਹ : ਸ਼ੜਜ ਰਿਸ਼ਭ ਗੰਧਾਰ ਮਧਿਅਮ ਪੰਚਮ, ਧੈਵਤ ਨਿਸ਼ਾਦ ਸ਼ੜਜ (ਤਾਰ ਸਪਤਕ); ਅਵਰੋਹ : ਸ਼ੜਜ (ਤਾਰ ਸਪਤਕ) ਨਿਸ਼ਾਦ ਧੈਵਤ ਨਿਸ਼ਾਦ ਪੰਚਮ, ਮਧਿਅਮ ਗੰਧਾਰ ਰਿਸ਼ਭ ਮਧਿਅਮ ਗੰਧਾਰ, ਪੰਚਮ ਰਿਸ਼ਭ ਸ਼ੜਜ; ਮੁੱਖ ਅੰਗ : ਸ਼ੜਜ ਰਿਸ਼ਭ ਗੰਧਾਰ ਮਧਿਅਮ ਪੰਚਮ, ਗੰਧਾਰ ਰਿਸ਼ਭ ਮਧਿਅਮ ਗੰਧਾਰ, ਪੰਚਮ ਰਿਸ਼ਭ ਸ਼ੜਜ ਪ੍ਰਵਾਨ ਕੀਤਾ।

ਉਕਤ ਰਾਗਾਂ ਦੇ ਅਧੀਨ ਸ੍ਰ. ਗਿਆਨ ਸਿੰਘ ਐਬਟਾਬਾਦ, ਪ੍ਰੋ. ਤਾਰਾ ਸਿੰਘ, ਭਾਈ ਅਵਤਾਰ ਸਿੰਘ-ਗੁਰਚਰਨ ਸਿੰਘ, ਸੰਤ ਸਰਵਣ ਸਿੰਘ ਗੰਧਰਵ, ਪ੍ਰਿੰ. ਦਿਆਲ ਸਿੰਘ, ਡਾ. ਜਾਗੀਰ ਸਿੰਘ, ਪ੍ਰੋ. ਕਰਤਾਰ ਸਿੰਘ, ਡਾ. ਗੁਰਨਾਮ ਸਿੰਘ, ਪ੍ਰੋ. ਪਰਮਜੋਤ ਸਿੰਘ, ਰਾਗੀ ਜਸਵੰਤ ਸਿੰਘ ਤੀਵਰ, ਪ੍ਰੋ. ਹਰਮਿੰਦਰ ਸਿੰਘ, ਆਦਿ ਪ੍ਰਮੁੱਖ ਰਚਨਾਕਾਰਾਂ ਦੀਆਂ ਸੁਰਲਿਪੀਬੱਧ ਰਚਨਾਵਾਂ ਮਿਲਦੀਆਂ ਹਨ।

ਉਕਤ ਰਾਗਾਂ ਨੂੰ ਗੁਰੂ ਘਰ ਦੇ ਕੀਰਤਨੀਆਂ, ਰਾਗੀਆਂ ਤੇ ਸੰਗੀਤਕਾਰਾਂ ਨੇ ਬਾਖੂਬੀ ਗਾਇਆ ਹੈ ਜਿਨ੍ਹਾਂ ਦੀ ਰਿਕਾਰਡਿੰਗ ਅਸੀਂ www.gurmatsangeetpup.com,www.sikh-relics.com, www.vismaadnaad.org ਵੈਬਸਾਈਟਸ ਤੇ ਸੁਣ ਸਕਦੇ ਹਾਂ।

**ਪ੍ਰੋਫੈਸਰ ਤੇ ਮੁਖੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਸੰਗੀਤ ਕਲਾ ਦੀ ਸਿੱਖਿਆ ਵਿਚ ਗੁਰੂ ਦੀ ਭੂਮਿਕਾ

## ਡਾ. ਹਰਮਿੰਦਰ ਕੌਰ

ਜੀਵਨ ਵਿਚ ਕੁਝ ਸਿੱਖਣ ਅਤੇ ਸਫਲਤਾ ਹਾਸਿਲ ਕਰਨ ਲਈ ਹਰੇਕ ਵਿਅਕਤੀ ਨੂੰ ਦਿਸ਼ਾ-ਨਿਰਦੇਸ਼ਕ ਦੀ ਲੋੜ ਪੈਂਦੀ ਹੈ ਜਿਸ ਨੂੰ 'ਗੁਰੂ' ਕਿਹਾ ਜਾਂਦਾ ਹੈ। ਗੁਰੂ ਆਪਣੇ ਸ਼ਿਸ਼ ਲਈ ਚਾਨਣ ਮੁਨਾਰਾ ਬਣਦਾ ਹੋਇਆ ਉਸ ਨੂੰ ਜੀਵਨ ਦੀ ਹਰ ਜਾਚ ਤੋਂ ਮੁਖਾਤਿਬ ਕਰਵਾਉਂਦਾ ਹੈ। ਸੰਗੀਤ ਦੇ ਖੇਤਰ ਵਿਚ ਗੁਰੂ ਦੀ ਗੱਲ ਕਰੀਏ ਤਾਂ ਪ੍ਰਾਚੀਨ ਕਾਲ ਤੋਂ ਹੀ ਗੁਰੂ ਨੂੰ ਇਕ ਵਿਸ਼ੇਸ਼ ਸਥਾਨ ਪ੍ਰਾਪਤ ਹੈ। 'ਗੁਰੂ' ਦਾ ਅਰਥ ਬੋਧ ਕਰਨ 'ਤੇ ਸਹਿਜੇ ਹੀ ਇਹ ਮਹਿਸੂਸ ਹੁੰਦਾ ਹੈ ਕਿ ਸ਼ਿਸ਼ ਦੇ ਜੀਵਨ ਵਿਚ ਗੁਰੂ ਦੀ ਕੀ ਭੂਮਿਕਾ ਹੁੰਦੀ ਹੈ।

"ਗੁ" ਦਾ ਅਰਥ ਹੈ ਅਗਿਆਨ ਅਤੇ 'ਰੂ' ਦਾ ਅਰਥ ਹੈ ਦੂਰ ਕਰਨਾ। ਗੁਰੂ ਉਹ ਹੈ ਜਿਹੜਾ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਕੇ ਸ਼ਗਿਰਦ ਦਾ ਪੱਥ ਪਰਦਰਸ਼ਨ ਕਰੇ।"

ਸੰਗੀਤ ਨੂੰ ਗੁਰੂਮੁਖੀ ਵਿੱਦਿਆ ਕਿਹਾ ਜਾਂਦਾ ਹੈ, ਭਾਵ ਇਹ ਵਿੱਦਿਆ ਗੁਰੂ ਦੇ ਮੁੱਖ ਤੋਂ ਸੁਣ ਕੇ ਹੀ ਗ੍ਰਹਿਣ ਕੀਤੀ ਜਾ ਸਕਦੀ ਹੈ। ਪ੍ਰਾਚੀਨ ਸਮੇਂ ਵਿੱਚ ਆਧੁਨਿਕ ਸਮੇਂ ਦੀ ਤਰ੍ਹਾਂ ਸਿੱਖਿਆ ਸੰਸਥਾਵਾਂ ਨਹੀਂ ਸਨ। ਗੁਰੂ ਕੇਵਲ ਵਿਸ਼ਾਗਤ ਸਿੱਖਿਆ ਹੀ ਨਹੀਂ ਦਿੰਦਾ, ਸਗੋਂ ਆਪਣੇ ਸ਼ਿਸ਼ ਦੇ ਚਰਿੱਤਰ ਦਾ ਨਿਰਮਾਣ ਵੀ ਕਰਦਾ ਹੈ ਅਤੇ ਉਸਨੂੰ ਸੰਪੂਰਨ ਰੂਪ ਵਿੱਚ ਦੁਨੀਆਂ ਵਿੱਚ ਵਿਚਰਨਾ ਸਿਖਾਉਂਦਾ ਹੈ। ਪਹਿਲਾਂ ਗੁਰੂ ਹੀ ਅਧਿਆਪਕ ਦੀ ਭੂਮਿਕਾ ਨਿਭਾਉਂਦਾ ਸੀ। ਗੁਰੂਕੁਲ ਹੀ ਆਪਣੇ ਆਪ ਵਿੱਚ ਇੱਕ ਸੰਸਥਾ ਸੀ। ਵੈਸੇ ਤਾਂ ਹਰੇਕ ਵਿਸ਼ੇ ਵਿੱਚ ਗੁਰੂ ਦਾ ਮਹੱਤਵ ਹੈ। ਪਰ ਸੰਗੀਤ ਦੀ ਤਾਲੀਮ ਗੁਰੂ ਬਿਨਾਂ ਅਸੰਭਵ ਹੈ। ਸੰਗੀਤ ਵਿੱਚ ਮੁੱਢ ਤੋਂ ਹੀ ਮੌਖਿਕ ਪਰੰਪਰਾ ਚਲਦੀ ਆ ਰਹੀ ਹੈ ਕਿਉਂਕਿ ਸੰਗੀਤ ਇੱਕ ਸ਼੍ਰਵਣ ਵਿੱਦਿਆ ਹੈ, ਜਿਸ ਦਾ ਸੰਚਾਰ ਗੁਰੂ-ਸ਼ਿਸ਼ ਪਰੰਪਰਾ ਰਾਹੀਂ ਸੰਭਵ ਹੈ। ਆਧੁਨਿਕ ਸੰਗੀਤ ਪ੍ਰਾਚੀਨ ਸੰਗੀਤ ਪੈਰੋਕਾਰਾਂ ਦੀ ਹੀ ਦੇਣ ਹੈ, ਜਿਸਦਾ ਸੰਚਾਰ ਪੀੜ੍ਹੀ ਦਰ ਪੀੜ੍ਹੀ ਸਿੱਖਿਆ ਵਿਧੀ ਰਾਹੀਂ ਹੋਇਆ ਹੈ। ਗੁਰੂ ਹੀ ਅਜਿਹੀ ਭੂਮਿਕਾ ਨਿਭਾਉਂਦਾ ਹੈ, ਜਿਹੜੀ ਸੰਗੀਤ-ਸਿੱਖਿਆ ਦੀ ਕਾਰਜ ਵਿਧੀ ਨੂੰ ਸੰਚਾਰਨ ਲਈ ਜ਼ਰੂਰੀ ਹੈ। ਭਾਰਤੀ ਸੰਸਕ੍ਰਿਤੀ ਵਿੱਚ ਵੀ ਗੁਰੂ ਦਾ ਸਥਾਨ ਸਰਬ-ਉੱਚ ਮੰਨਿਆ ਗਿਆ ਹੈ। ਸੰਗੀਤ ਵਿੱਚ ਗੁਰੂ ਨੂੰ ਪੂਜਨੀਕ ਅਤੇ ਸਰਬੋਤਮ ਸਥਾਨ ਪ੍ਰਾਪਤ ਹੈ, ਕਿਉਂਕਿ ਪਰੰਪਰਾ ਨੂੰ ਅੱਗੇ ਤੋਰਨ ਲਈ ਗੁਰੂ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਸੰਗੀਤ ਦੀ ਪਰੰਪਰਾ ਵਿੱਚ ਗੁਰੂ ਦੇ ਸਥਾਨ ਨੂੰ ਪੰ. ਰਵਿਸ਼ੰਕਰ ਜੀ ਨੇ ਬੜੇ ਖੂਬਸੂਰਤ ਸ਼ਬਦਾਂ ਵਿੱਚ ਬਿਆਨਿਆ ਹੈ :

"ਗੁਰੂ, ਵਿਨੈ, ਸਾਧਨਾ - ਇਹ ਤਿੰਨ ਸ਼ਬਦ ਪਰੰਪਰਾਗਤ ਭਾਰਤੀ ਸੰਗੀਤ ਦਾ ਕੇਂਦਰ ਹਨ। ਗੁਰੂ ਜਿਵੇਂ ਕਿ ਸਾਰੇ ਲੋਕ ਜਾਣਦੇ ਹਨ, ਦਾ ਅਰਥ ਹੈ ਉਸਤਾਦ ਅਧਿਆਤਮਕ ਮਾਰਗ ਦਰਸ਼ਕ ਜਾਂ ਪੱਥ ਪਰਦਰਸ਼ਕ। ਅਸੀਂ ਗੁਰੂ ਨੂੰ

ਬਹੁਤ ਮਹੱਤਵਪੂਰਨ ਸਥਾਨ ਦਿੰਦੇ ਹਾਂ। ਸਾਡੇ ਲਈ ਗੁਰੂ ਦੀ ਚੋਣ ਆਪਣੇ ਜੀਵਨ ਸਾਥੀ ਨੂੰ ਚੁਣਨ ਤੋਂ ਵੀ ਵੱਧ ਮਹੱਤਵਪੂਰਨ ਹੈ।"

ਇਹ ਗੁਰੂ ਦਾ ਕਰਤੱਵ ਹੈ ਕਿ ਉਹ ਆਪਣੇ ਸਿਖਿਆਰਥੀਆਂ ਨੂੰ ਅਗਿਆਨਤਾ ਦੇ ਹਨੇਰੇ ਤੋਂ ਪਾਰ ਲੈ ਜਾਵੇ, ਉਹਨਾਂ ਨੂੰ ਪ੍ਰੇਰਿਤ ਕਰੇ, ਉਹਨਾਂ ਦਾ ਦਿਸ਼ਾ ਨਿਰਦੇਸ਼ ਕਰੇ ਅਤੇ ਜੀਵਨ-ਦਰਸ਼ਨ ਦੀ ਜਾਚ ਦੇਵੇ। ਇਹਨਾਂ ਸਭ ਕਾਰਜਾਂ ਦੇ ਕਰਤਾ ਹੋਣ ਦੇ ਨਾਤੇ 'ਗੁਰੂ' ਦਾ ਸਥਾਨ ਸਰਬੋਤਮ ਮੰਨਿਆ ਗਿਆ ਹੈ। ਉਸਨੂੰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ਵਰ ਕਿਹਾ ਗਿਆ ਹੈ। ਕਬੀਰ ਨੇ ਉਸਦੀ ਮਹਿਮਾ 'ਗੋਬਿੰਦ' ਭਾਵ ਈਸ਼ਵਰ ਤੋਂ ਵੀ ਵੱਧ ਬਖਾਨ ਕੀਤੀ ਹੈ, ਕਿਉਂਕਿ ਉਹ ਈਸ਼ਵਰ ਤੱਕ ਪਹੁੰਚਣ ਦਾ ਮਾਰਗ ਦੱਸਦਾ ਹੈ। ਗੁਰੂ ਦੀ ਅਗਵਾਈ ਤੋਂ ਬਿਨ੍ਹਾਂ ਕੋਈ ਵੀ ਪ੍ਰਾਪਤੀ ਸੰਭਵ ਨਹੀਂ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਕਈ ਹਵਾਲੇ ਮਿਲਦੇ ਹਨ। ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥ ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥ (ਗੁ. ਗ੍ਰੰ. ਸਾਹਿਬ ਪੰਨਾ ੪੬੩)

ਭਾਵੇਂ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਕ ਗੁਰੂ ਦੀ ਮਹੱਤਤਾ ਦਰਸਾਈ ਗਈ ਹੈ ਪਰ ਜਿਸ ਤਰ੍ਹਾਂ ਮਨੁੱਖ ਵਿਚਲੀਆਂ ਕਮੀਆਂ ਅਧਿਆਤਮਕ ਗੁਰੂ ਦੀ ਅਗਵਾਈ ਅਤੇ ਰਹਿਨੁਮਾਈ ਵਿਚ ਪੂਰੀ ਹੁੰਦੀਆਂ ਹਨ ਉਸੇ ਤਰ੍ਹਾਂ ਸੰਗੀਤ ਦੇ ਹਰ ਖੇਤਰ ਦੇ ਵਿਦਿਆਰਥੀਆਂ ਦੀਆਂ ਕਮੀਆਂ ਨੂੰ ਇਕ ਸੰਗੀਤ ਗੁਰੂ ਹੀ ਬਾਰੀਕੀ ਨਾਲ ਦੂਰ ਕਰ ਸਕਦਾ ਹੈ। ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਜੋ ਅਜੋਕੇ ਸਮੇਂ ਸਾਡੇ ਤੱਕ ਪਹੁੰਚੀ ਹੈ ਉਸ ਵਿਚ ਵੱਖ-ਵੱਖ ਟਕਸਾਲਾਂ ਰਾਹੀ ਗੁਰਮਤਿ ਸੰਗੀਤ ਦੀ ਤਾਲੀਮ ਦਿੱਤੀ ਜਾਦੀ ਰਹੀ ਹੈ। ਸੰਗੀਤ ਦੇ ਖੇਤਰ ਵਿੱਚ ਗੁਰੂ ਦੀ ਮਹੱਤਵਪੂਰਨ ਭੂਮਿਕਾ ਦੇ ਵੱਖ-ਵੱਖ ਪਹਿਲੂਆਂ ਦਾ ਵਰਣਨ ਇਸ ਪ੍ਰਕਾਰ ਹੈ :

(1) ਪਰੰਪਰਾ ਨੂੰ ਅੱਗੇ ਵਧਾਉਣਾ ਗੁਰੂ ਦੇ ਕਾਰਜ-ਖੇਤਰ ਵਿੱਚ ਸਭ ਤੋਂ ਮਹੱਤਵਪੂਰਨ ਪਰੰਪਰਾ ਨੂੰ ਅੱਗੇ ਤੋਰਨਾ ਹੈ। ਇਸਦੇ ਵੀ ਤਿੰਨ ਪਹਿਲੂ ਹਨ।

(ੳ) ਵਿੱਦਿਆ ਦਾ ਭੰਡਾਰੀਕਰਨ: ਗੁਰੂ ਕੋਲ ਸੰਗੀਤ ਦੀ ਵਿੱਦਿਆ ਦਾ ਉਚਿਤ ਭੰਡਾਰ ਹੋਣਾ ਚਾਹੀਦਾ ਹੈ, ਜੋ ਉਸਨੇ ਆਪਣੀ ਤਾਲੀਮ, ਸਾਧਨਾ ਅਤੇ ਚਿੰਤਨ ਰਾਹੀਂ ਬਣਾਇਆ ਹੋਵੇ। ਇਸ ਭੰਡਾਰ ਵਿੱਚ ਕਾਫੀ ਸੰਖਿਆ ਵਿੱਚ ਰਾਗਾਂ ਦਾ ਗਿਆਨ, ਸੰਗੀਤ ਦੀਆਂ ਰਚਨਾਵਾਂ, ਵੱਖ-ਵੱਖ ਸ਼ੈਲੀਆਂ ਅਤੇ ਅੰਗਾਂ ਦੀ ਜਾਣਕਾਰੀ, ਸੰਗੀਤ ਦੇ ਵੱਖ-ਵੱਖ ਵਿਆਕਰਣਕ ਤਕਨੀਕੀ ਅਤੇ ਸੁਹਜਮਈ ਪੱਖਾਂ ਉੱਤੇ ਚਿੰਤਨ, ਸਮਕਾਲੀ ਅਤੇ ਭੂਤਕਾਲੀ ਸੰਗੀਤ-ਜਗਤ ਅਤੇ ਸੰਗੀਤਕਾਰਾਂ ਬਾਰੇ ਗਿਆਨ ਆਦਿ ਸ਼ਾਮਲ ਹਨ।

(ੳ) ਵਿਦਿਆ ਦਾ ਸੰਚਾਰ: ਗੁਰੂ ਭਾਵੀ ਪੀੜ੍ਹੀਆਂ ਨੂੰ ਕਲਾ ਦੇ ਸੰਪੂਰਨ ਰੂਪ ਦੀ ਸਿੱਖਿਆ ਦਿੰਦਾ ਹੈ, ਜੋ ਕੁਝ ਵੀ ਉਸਨੇ ਆਪਣੇ ਗੁਰੂਜਨਾਂ ਤੋਂ ਪ੍ਰਾਪਤ ਕੀਤਾ ਹੁੰਦਾ ਹੈ, ਉਹ ਆਉਣ ਵਾਲੀ ਪੀੜ੍ਹੀ ਨੂੰ ਸਿਖਾਉਂਦਾ ਹੈ। ਆਪਣੇ ਸ਼ਗਿਰਦਾਂ ਤੱਕ ਗਿਆਨ ਦਾ ਸੰਚਾਰ ਕਰਨਾ ਉਸਦਾ ਧਰਮ ਹੈ। ਕਿਸੇ ਵੀ ਹਾਲਤ ਵਿੱਚ ਉਸਨੂੰ ਸ਼ਗਿਰਦ ਤੋਂ ਆਪਣਾ ਗੁਣ ਛੁਪਾਉਣਾ ਨਹੀਂ ਚਾਹੀਦਾ। ਇਹ ਠੀਕ ਹੈ ਕਿ ਪਰੰਪਰਾ ਦੇ ਉਚਿਤ ਨਿਰਵਾਹ ਲਈ ਸ਼ਗਿਰਦ ਦੀ ਸ਼ਰਧਾ ਅਤੇ ਇਮਾਨਦਾਰੀ ਪ੍ਰਮੁੱਖ ਸ਼ਰਤਾਂ ਹਨ। ਇਸੇ ਲਈ ਸ਼ਗਿਰਦ ਬਣਾਉਣ ਤੋਂ ਪਹਿਲਾਂ ਗੁਰੂ ਉਸਦੀ ਪੂਰਵ ਪ੍ਰੀਖਿਆ ਲੈਂਦਾ ਸੀ। ਇਸ ਪ੍ਰੀਖਿਆ ਪਿੱਛੇ ਉਦੇਸ਼ ਇਹ ਸੀ ਕਿ ਤਾਲੀਮ ਕੇਵਲ ਯੋਗ ਪਾਤਰ ਨੂੰ ਹੀ ਮਿਲ ਸਕੇ ਤਾਂ ਜੋ ਪਰੰਪਰਾ ਨਿਰਵਿਘਨ ਰੂਪ ਵਿੱਚ ਚਲਦੀ ਰਹੇ। ਗੁਰੂ ਉਦੋਂ ਹੀ ਸ਼ਿਸ਼ ਨੂੰ ਵਿਧੀਵਤ ਤਾਲੀਮ ਦਿੰਦਾ ਸੀ। ਜਦੋਂ ਉਸ ਨੂੰ ਸ਼ਿਸ਼ ਦੀ ਪ੍ਰਤਿਭਾ ਅਤੇ ਨਿਸ਼ਠਾ ਤੇ ਯਕੀਨ ਹੋ ਜਾਂਦਾ ਸੀ। ਗੁਰੂ ਤੋਂ ਸਿੱਖੀ ਹੋਈ ਵਿੱਦਿਆ ਉਸਦੇ ਸੁਯੋਗ ਸ਼ਗਿਰਦਾਂ ਦੁਆਰਾ ਅਗਲੀਆਂ ਪੀੜ੍ਹੀਆਂ ਨੂੰ ਸਿਖਾਈ ਜਾਂਦੀ ਹੈ। ਇਸ ਤਰ੍ਹਾਂ ਸੰਗੀਤ ਪਰੰਪਰਾ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੀ ਹੈ।

(ੲ) ਇੱਕ ਵਿਸ਼ੇਸ਼ ਸ਼ੈਲੀ ਦਾ ਨਿਰਮਾਣ: ਗੁਰੂ ਆਪਣੇ ਕਲਾ ਭੰਡਾਰ ਵਿੱਚੋਂ ਆਪਣੇ ਸ਼ਗਿਰਦਾਂ ਨੂੰ ਸਿਖਾਉਂਦਾ ਹੈ ਅਤੇ ਆਪਣੀ ਤਾਲੀਮ ਤੇ ਚਿੰਤਨ ਦੁਆਰਾ ਇੱਕ ਖਾਸ ਪਰੰਪਰਾ ਨੂੰ ਵਿਕਸਿਤ ਕਰਦਾ ਹੈ। ਘਰਾਣਿਆਂ ਦਾ ਵਿਕਾਸ ਗੁਰੂ-ਸ਼ਿਸ਼ ਪਰੰਪਰਾ ਦੇ ਅਧਾਰ ਤੇ ਹੀ ਹੋਇਆ। ਕਲਾਤਮਕ ਅਤੇ ਸ਼ੈਲੀਗਤ ਵਿਸ਼ੇਸ਼ਤਾਵਾਂ ਦੀ ਸਿੱਖਿਆ ਘਰ ਦੇ ਵਿਅਕਤੀਆਂ ਅਤੇ ਖਾਸ ਸ਼ਗਿਰਦਾਂ ਤੱਕ ਸੀਮਿਤ ਰੱਖਣ ਕਾਰਨ ਹੀ ਇਹ ਘਰਾਣੇ ਕਹੇ ਜਾਣ ਲੱਗੇ ਅਤੇ ਗੁਰੂ ਇਸ ਪਰੰਪਰਾ ਦਾ ਮਾਧਿਅਮ ਬਣਦਾ ਹੈ। ਸੰਗੀਤ ਦੀ ਸਿੱਖਿਆ ਦੇਣ ਤੋਂ ਪਹਿਲਾਂ ਗੁਰੂ, ਸ਼ਿਸ਼ ਦੀ ਯੋਗਤਾ ਦੀ ਪਰਖ ਕਰਦਾ ਹੈ ਤਾਂ ਕਿ ਸ਼ਿਸ਼ ਵਿੱਦਿਆ ਨੂੰ ਅਜਾਈ ਨਾ ਗੁਆਏ। ਸ਼ਗਿਰਦ ਦੀ ਤਾਲੀਮ ਦਾ ਸਿਲਸਿਲਾ ਕਦੋਂ ਸ਼ੁਰੂ ਕਰਨਾ ਅਤੇ ਕਦੋਂ ਬੰਦ ਹੋਣਾ ਹੈ, ਇਹ ਫੈਸਲਾ ਵੀ ਗੁਰੂ ਹੀ ਕਰਦਾ ਹੈ, ਜਦੋਂ ਤੱਕ ਸ਼ਿਸ਼ ਦੀ ਪਛਾਣ ਨਹੀਂ ਬਣਦੀ ਅਤੇ ਉਹ ਅਗਲੀ ਪੀੜ੍ਹੀ ਨੂੰ ਸਿਖਾਉਣ ਦੇ ਯੋਗ ਨਹੀਂ ਹੁੰਦਾ ਉਦੋਂ ਤੱਕ ਗੁਰੂ ਸ਼ਿਸ਼ ਨੂੰ ਸੰਗੀਤ ਦੀ ਤਾਲੀਮ ਦਿੰਦਾ ਰਹਿੰਦਾ ਹੈ। ਇਸ ਤਰ੍ਹਾਂ ਸੰਗੀਤ ਦੀ ਪਰੰਪਰਾ ਪੀੜ੍ਹੀ ਦਰ ਪੀੜ੍ਹੀ ਚਲਦੀ ਰਹਿੰਦੀ ਹੈ। ਜਦੋਂ ਇੱਕ ਗਾਇਨ ਅਤੇ ਵਾਦਨ ਪਰੰਪਰਾ ਤਿੰਨ ਪੀੜ੍ਹੀਆਂ ਤੱਕ ਚਲਦੀ ਰਹੇ ਅਤੇ ਹਰ ਪੀੜ੍ਹੀ ਵਿੱਚ ਕੋਈ ਨਾ ਕੋਈ ਖਿਆਤੀ ਪ੍ਰਾਪਤ ਕਲਾਕਾਰ ਬਣਦਾ ਰਹੇ ਤਾਂ ਇੱਕ ਵਿਸ਼ੇਸ਼ ਸ਼ੈਲੀ ਦਾ ਨਿਰਮਾਣ ਹੋ ਜਾਂਦਾ ਹੈ।

(2) ਸੰਗੀਤਕ ਸੰਸਕਾਰਾਂ ਦਾ ਪੋਸ਼ਣ

ਸੰਗੀਤ ਕੇਵਲ ਇੱਕ ਵਿਸ਼ਾ ਹੀ ਨਹੀਂ ਸਗੋਂ ਇੱਕ ਸੰਪੂਰਨ ਜੀਵਨ-ਜਾਚ ਹੈ, ਨਿਰੰਤਰ ਸਾਧਨਾ ਹੈ। ਇਸਦਾ ਸਾਧਕ ਹੋਣ ਲਈ ਸੰਗੀਤਕ-ਸੰਸਕਾਰਾਂ ਦਾ ਗੂੜ੍ਹ ਗਿਆਨ ਹੋਣਾ ਲੋੜੀਂਦਾ ਹੈ, ਜਿਸਦੀ ਜਾਣਕਾਰੀ ਵੀ ਗੁਰੂ ਤੋਂ ਹੀ ਪ੍ਰਾਪਤੀ ਹੁੰਦੀ ਹੈ। ਇੱਕ ਉੱਤਮ ਗੁਰੂ ਹਰ ਸਮੇਂ ਸੰਗੀਤ ਦੀ ਸਾਧਨਾ, ਚਿੰਤਨ, ਅਧਿਆਪਨ ਅਤੇ ਰਚਨਾ ਵਿੱਚ ਮਗਨ ਰਹਿੰਦਾ ਹੈ। ਇਸੇ ਕਾਰਨ ਸੰਗੀਤਕ ਸੰਸਕਾਰਾਂ ਦੇ ਪੋਸ਼ਣ ਅਤੇ ਸ਼ਗਿਰਦਾਂ ਨੂੰ ਅਨੁਕੂਲ ਵਾਤਾਵਰਨ ਦੇਣ ਲਈ ਗੁਰੂ ਉਹਨਾਂ ਨੂੰ ਆਪਣੇ ਗੁਰੂਕੁਲ ਵਿੱਚ ਰੱਖਕੇ ਸਿੱਖਿਆ ਦਿੰਦੇ ਸਨ।

(3) ਸੰਗੀਤ ਜਗਤ ਵਿੱਚ ਸ਼ਗਿਰਦ ਦੀ ਇੱਕ ਪਛਾਣ ਸਥਾਪਤ ਕਰਨ ਵਿੱਚ ਸਹਾਇਤਾ ਕਰਨਾ ਦੁਨੀਆਵੀਂ ਖੇਤਰ ਵਿੱਚ ਸਾਡੀ ਪਛਾਣ ਸਾਡੇ ਮਾਪਿਆਂ ਅਤੇ ਵੰਸ਼ ਰਾਹੀਂ ਬਣਦੀ ਹੈ ਪਰ ਸੰਗੀਤ ਜਗਤ ਵਿੱਚ ਪਛਾਣ ਗੁਰੂ ਨਾਲ ਬਣਦੀ ਹੈ। ਸੰਗੀਤ ਦੇ ਵਿਦਿਆਰਥੀ ਜਾਂ ਸੰਗੀਤਕਾਰ ਨਾਲ ਜੇ ਕੋਈ ਵਾਰਤਾਲਾਪ ਕਰੀਏ ਤਾਂ ਸਭ ਤੋਂ ਪਹਿਲਾਂ ਇਹ ਹੀ ਸੁਆਲ ਪੁੱਛਿਆ ਜਾਂਦਾ ਹੈ ਕਿ ਤੁਸੀਂ ਕਿਸ ਗੁਰੂ ਕੋਲੋਂ ਸੰਗੀਤ ਦੀ ਤਾਲੀਮ ਲਈ ਹੈ। ਸ਼ਿਸ਼ ਗੁਰੂ ਕੋਲੋਂ ਤਾਲੀਮ ਤਾਂ ਲੈਂਦਾ ਹੀ ਹੈ, ਨਾਲ ਹੀ ਗੁਰੂ ਦੇ ਆਚਾਰ, ਵਿਉਹਾਰ ਅਤੇ ਸ਼ੈਲੀ ਨੂੰ ਵੀ ਅਪਣਾਉਂਦਾ ਹੈ। ਸ਼ਿਸ਼ ਨੂੰ ਸਫਲ ਮੰਚ-ਪਰਦਰਸ਼ਕ ਬਣਾਉਣ ਵਿੱਚ ਵੀ ਗੁਰੂ ਦੀ ਮੁੱਖ ਭੂਮਿਕਾ ਹੁੰਦੀ ਹੈ। ਪਹਿਲਾਂ ਗੁਰੂ ਮੰਚ ਉੱਤੇ ਪਰਦਰਸ਼ਨ ਕਰਦੇ ਸਮੇਂ ਸ਼ਿਸ਼ ਨੂੰ ਆਪਣੇ ਪਿੱਛੇ ਬਿਠਾਉਂਦਾ ਹੈ, ਜਦੋਂ ਸ਼ਿਸ਼ ਵਿੱਚ ਮੰਚ ਉੱਤੇ ਗਾਉਣ-ਵਜਾਉਣ ਲਈ ਆਤਮ ਵਿਸ਼ਵਾਸ ਪੈਦਾ ਹੋ ਜਾਂਦਾ ਹੈ ਅਤੇ ਉਹ ਮੰਚ-ਪਰਦਰਸ਼ਨ ਦੇ ਗੁਰ ਸਿੱਖ ਲੈਂਦਾ ਹੈ ਤਾਂ ਫਿਰ ਗੁਰੂ ਉਸਨੂੰ ਸੁਤੰਤਰ ਤੌਰ 'ਤੇ ਕਲਾ-ਪਰਦਰਸ਼ਨ ਦੀ ਆਗਿਆ ਦਿੰਦਾ ਹੈ। ਸ਼ਿਸ਼ ਦਾ ਸਫਲ ਮੰਚ ਪਰਦਰਸ਼ਨ ਆਪਣੇ ਗੁਰੂ ਨੂੰ ਆਦਰਯੋਗ ਸਥਾਨ ਦਿਵਾਉਂਦਾ ਹੈ। ਗੁਰੂ ਦਾ ਜੋ ਮਾਨ-ਸਨਮਾਨ ਸੰਗੀਤ-ਜਗਤ ਵਿੱਚ ਹੈ, ਸ਼ਿਸ਼ ਵੀ ਉਸਦਾ ਅਧਿਕਾਰੀ ਸਹਿਜੇ ਹੀ ਹੋ ਜਾਂਦਾ ਹੈ, ਪਰ ਇਸ ਲਈ ਸ਼ਿਸ਼ ਨੂੰ ਵੀ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਜਿੰਨਾ ਵੱਡਾ ਰੁਤਬਾ ਗੁਰੂ ਦਾ ਹੋਵੇਗਾ ਸ਼ਿਸ਼ ਦੀ ਉੱਨੀ ਹੀ ਵੱਡੀ ਜ਼ਿੰਮੇਵਾਰੀ ਹੋਵੇਗੀ। ਹੋਣਕਾਰ ਸ਼ਗਿਰਦ ਰਾਹੀਂ ਗੁਰੂ ਦੀ ਸ਼ੋਭਾ ਵਧਦੀ ਹੈ।

(4) ਸ਼ਗਿਰਦ ਦੇ ਕਲਾ-ਭੰਡਾਰ ਵਿੱਚ ਵਾਧਾ ਕਰਦੇ ਰਹਿਣਾ ਗੁਰੂ ਤੋਂ ਤਾਲੀਮ ਲੈ ਕੇ ਸ਼ਗਿਰਦ ਭਾਵੇਂ ਵਧੀਆ

ਮੰਚ-ਪਰਦਰਸ਼ਕ ਅਤੇ ਕਲਾਕਾਰ ਬਣ ਜਾਵੇ ਪਰ ਫਿਰ ਵੀ ਉਹ ਗੁਰੂ ਕੋਲ ਜਾਣਾ ਜਾਰੀ ਰੱਖਦਾ ਹੈ। ਗੁਰੂ ਦਾ ਵੀ ਇਹ ਫਰਜ਼ ਹੈ ਕਿ ਉਹ ਸਮੇਂ-ਸਮੇਂ ਤੇ ਸ਼ਗਿਰਦ ਦੇ ਕਲਾ ਭੰਡਾਰ ਅਤੇ ਗਿਆਨ ਵਿੱਚ ਵਾਧਾ ਕਰਦਾ ਰਹੇ। ਉਹ ਆਪਣੀ ਕੋਈ ਨਵੀਂ ਰਚਨਾ, ਕੋਈ ਨਵਾਂ ਚਿੰਤਨ ਆਪਣੇ ਸ਼ਗਿਰਦ ਨਾਲ ਸਾਂਝਾ ਕਰਦਾ ਰਹੇ। ਉਸਦੇ ਸ਼ਗਿਰਦ ਅਤੇ ਪ੍ਰਸੰਸਕਾਂ ਦਾ ਇੱਕ ਵਿਸ਼ਾਲ ਪਰਿਵਾਰ ਬਣ ਜਾਂਦਾ ਹੈ, ਜਿਸ ਲਈ ਉਹ ਸੰਗੀਤ ਜਗਤ ਵਿੱਚ ਆਪਣੀ ਇੱਕ ਛਾਪ ਛੱਡਦਾ ਹੈ ਅਤੇ ਇਸ ਤੇ ਆਪਣਾ ਪ੍ਰਭਾਵ ਜਤਾਉਂਦਾ ਹੈ।

ਇਸ ਤਰ੍ਹਾਂ ਗੁਰੂ ਸ਼ਿਸ਼ ਨੂੰ ਸਰਵਗੁਣ ਸੰਪੰਨ ਮਨੁੱਖ ਬਨਾਉਣ ਵਿਚ ਆਪਣੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਪਰ ਪ੍ਰਾਚੀਨ ਸਮੇਂ ਸੰਗੀਤ ਸਿਖਾਉਣ ਤੋਂ ਪਹਿਲਾਂ ਗੁਰੂ ਸ਼ਿਸ਼ ਦੀ ਪ੍ਰੀਖਿਆ ਲੈਂਦਾ ਸੀ। ਗੁਰੂ, ਸ਼ਗਿਰਦ ਦੀ ਸ਼ਰਧਾ ਅਤੇ ਇੱਛਾ-ਸ਼ਕਤੀ ਦੀ ਜਾਂਚ-ਪਰਖ ਕਰਨ ਉਪਰੰਤ ਅਤੇ ਉਸਨੂੰ ਵਿਸ਼ਵਾਸ ਦਾ ਪਾਤਰ ਸਮਝਣ ਤੋਂ ਬਾਅਦ ਹੀ ਵਿਧੀਵਤ ਤਾਲੀਮ ਆਰੰਭ ਕਰਦਾ ਸੀ। ਸ਼ਰਧਾਵਾਨ ਸ਼ਿਸ਼ ਗੁਰੂ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਤੇ ਕਲਾ ਦੀਆਂ ਖੂਬੀਆਂ ਨੂੰ ਗ੍ਰਹਿਣ ਕਰਦਾ ਸੀ। ਗੁਰੂ ਹੀ ਸ਼ਿਸ਼ ਨੂੰ ਸੰਗੀਤ ਦਾ ਰਾਹ ਦਿਖਾ ਸਕਦਾ ਹੈ ਪਰ, ਗੁਰੂ ਦੀ ਭਾਲ ਸਰਲ ਕੰਮ ਨਹੀਂ ਸੀ। ਸੰਚਾਰ ਅਤੇ ਆਵਾਜਾਈ ਦੇ ਸਾਧਨ ਉਪਲਬਧ ਨਾਂ ਹੋਣ ਕਾਰਨ ਗੁਰੂ ਕੋਲ ਪਹੁੰਚਣ ਵਿੱਚ ਬਹੁਤ ਦਿਨ, ਮਹੀਨੇ ਲੱਗ ਜਾਂਦੇ ਸਨ। ਗੁਰੂ ਹਰ ਵਿਅਕਤੀ ਨੂੰ ਆਪਣਾ ਸ਼ਿਸ਼ ਨਹੀਂ ਬਣਾਉਂਦਾ ਸੀ। ਉਹ ਚੰਗੀ ਤਰ੍ਹਾਂ ਪਰਖ ਕਰਨ ਉਪਰੰਤ ਹੀ ਵਿਅਕਤੀ ਨੂੰ ਆਪਣੀ ਸ਼ਰਨ ਵਿੱਚ ਰੱਖਕੇ ਸਿੱਖਿਆ ਦੇਣ ਦੀ ਆਗਿਆ ਦਿੰਦਾ ਸੀ। ਕਈ ਵਾਰ ਗੁਰੂ ਕੋਲ ਸ਼ਿਸ਼ਾਂ ਦੀ ਸੰਖਿਆ ਵੱਧ ਹੁੰਦੀ ਸੀ, ਇਸ ਕਾਰਨ ਵੀ ਉਸ ਨੂੰ ਨਵੇਂ ਸ਼ਿਸ਼ ਬਣਾਉਣ ਤੋਂ ਗੁਰੇਜ ਕਰਨਾ ਪੈਂਦਾ ਸੀ। ਸ਼ਿਸ਼ ਨੂੰ ਗੁਰੂ ਦੀ ਇੰਨੀ ਸੇਵਾ ਕਰਨੀ ਪੈਂਦੀ ਸੀ ਕਿ ਕਈ ਵਾਰ ਤਾਂ ਸਾਲ-ਦੋ-ਸਾਲਾਂ ਵਿੱਚ ਹੀ ਗੁਰੂ ਦੀ ਕਿਰਪਾ ਹੋ ਜਾਂਦੀ ਸੀ ਪਰ ਕਈ ਵਾਰ ਸਾਰੀ-ਸਾਰੀ ਉਮਰ ਹੀ ਸੇਵਾ ਕਰਦਿਆਂ ਲੰਘ ਜਾਂਦੀ ਸੀ। ਉਸ ਸਮੇਂ ਸੰਗੀਤ ਸਿੱਖਣਾ ਹਰੇਕ ਦੇ ਵੱਸ ਦੀ ਗੱਲ ਨਹੀਂ ਸੀ।

ਸਮਾਂ ਪਾ ਕੇ ਜਦੋਂ ਸੰਗੀਤ ਸਿੱਖਿਆ ਸੰਸਥਾਗਤ ਪ੍ਰਣਾਲੀ ਰਾਹੀਂ ਸਮੂਹਿਕ ਰੂਪ ਵਿਚ ਦਿੱਤੀ ਜਾਣ ਲੱਗੀ ਤਾਂ ਹੋਰ ਵਿਸ਼ਿਆਂ ਵਾਂਗ ਸੰਗੀਤ ਵਿਚ ਵੀ 'ਅਧਿਆਪਕ' ਸ਼ਬਦ ਦਾ ਪ੍ਰਯੋਗ ਹੋ ਗਿਆ। ਪਰਿਸਥਿਤੀਆਂ ਅਤੇ ਪ੍ਰਸੰਗ ਬਦਲਣ ਨਾਲ ਗੁਰੂ ਸ਼ਿਸ਼ ਦੀ ਭੂਮਿਕਾ ਵਿਚ ਵੀ ਪਰਿਵਰਤਨ ਆਏ। ਗੁਰੂ ਪਹਿਲਾਂ ਮੁਫਤ ਅਤੇ ਭਾਵਨਾ ਸਹਿਤ ਸ਼ਿਸ਼ ਨੂੰ ਸੰਗੀਤ ਦੀ ਤਾਲੀਮ ਦਿੰਦੇ ਸੀ ਪਰ ਅਜੋਕੇ ਸਮੇਂ ਜਿਆਦਤਰ ਗੁਰੂਆਂ ਲਈ ਅਜਿਹਾ ਕਰਨਾ ਅਸੰਭਵ ਹੈ ਕਿਉਂਕਿ ਅੱਜ ਆਰਥਿਕਤਾ ਅਤੇ ਪਦਾਰਥਵਾਦ ਦਾ ਬੋਲਬਾਲਾ ਹੈ। ਪੂੰਜੀਵਾਦੀ ਆਰਥਿਕਤਾ ਦੇ ਕਾਰਨ ਜੀਵਨ ਦੀ ਕਦਰਾਂ-ਕੀਮਤਾਂ ਨੂੰ ਖੋਰਾ ਲੱਗਿਆ ਹੈ। ਵਰਤਮਾਨ ਸਮੇਂ ਜਿਆਦਾਤਰ ਵਿਦਿਆਰਥੀ ਭਾਂਵੇ ਸੰਸਥਾਗਤ ਸਿੱਖਿਆ ਪ੍ਰਣਾਲੀ ਰਾਹੀਂ ਸਮੂਹਿਕ ਰੂਪ ਵਿਚ ਸੰਗੀਤ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਪਰ ਗੁਰੂ-ਸ਼ਿਸ਼ ਪਰੰਪਰਾ ਰਾਹੀਂ ਵੀ ਵਿਅਕਤੀਗਤ ਪੱਧਰ 'ਤੇ ਕੁਝ ਸਿੱਖਿਆਰਥੀ ਸੰਗੀਤ ਦੀ ਤਾਲੀਮ ਹਾਸਲ ਕਰ ਰਹੇ ਹਨ। ਸੰਸਥਾਵਾਂ ਵਿਚ ਇਕ ਸੰਗੀਤ ਅਧਿਆਪਕ ਨੂੰ ਹੀ ਗੁਰੂ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ। ਵਰਤਮਾਨ ਸਮੇਂ ਦਾ ਗੁਰੂ-ਰੂਪੀ ਅਧਿਆਪਕ ਆਪਣੇ ਕਰਤੱਵਾਂ ਦੀ ਪਛਾਣ ਕਰਦੇ ਹੋਏ ਕਿਸ ਤਰ੍ਹਾਂ ਸੰਗੀਤ ਦੀ ਇਸ ਵੱਡਮੁਲੀ 'ਗੁਰੂ-ਸ਼ਿਸ਼' ਪਰੰਪਰਾ ਨੂੰ ਅਗਾਂਹ ਤੋਰ ਸਕਦਾ ਹੈ ਇਸ 'ਤੇ ਚਰਚਾ ਅਗਲੇਰੇ ਆਰਟੀਕਲ 'ਚ ਕੀਤੀ ਜਾਵੇਗੀ।

**ਗੁਰਮਤਿ ਸੰਗੀਤ ਚੇਅਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਡਾ.ਗੁਰਨਾਮ ਸਿੰਘ ਕ੍ਰਿਤ ਪੰਜਾਬੀ ਭਾਸ਼ਾਈ ਸੰਗੀਤ ਪੁਸਤਕਾਂ : ਵਿਸ਼ਾ-ਵਸਤੂ, ਸਾਰਥਕਤਾ ਅਤੇ ਸੰਭਾਵਨਾਵਾਂ

**ਡਾ.ਰਿਸ਼ਪਾਲ ਸਿੰਘ**

ਸੰਗੀਤ ਖੇਤਰ ਵਿੱਚ ਗੁਰਮਤਿ ਸੰਗੀਤ ਚੇਅਰ ਦੇ ਬਾਨੀ ਡਾ. ਗੁਰਨਾਮ ਸਿੰਘ ਦਾ ਨਾਮ ਕਿਸੇ ਜਾਣ-ਪਹਿਚਾਣ ਦਾ ਮੁਹਤਾਜ ਨਹੀਂ। ਆਪ ਦਾ ਜਨਮ ਸਰਦਾਰ ਉੱਤਮ ਸਿਘ ਦੇ ਘਰ ਮਾਤਾ ਚਰਨ ਕੌਰ ਦੀ ਕੁੱਖੋਂ 17 ਅਪਰੈਲ 1959 ਨੂੰ ਪਿੰਡ ਮਾਤ ਖੇੜਾ, ਤਹਿ. ਬਿਲਾਸਪੁਰ, ਜਿਲ੍ਹਾ ਰਾਮਪੁਰ (ਉੱਤਰ ਪ੍ਰਦੇਸ) ਵਿਖੇ ਹੋਇਆ। ਆਪ ਨੂੰ ਸੰਗੀਤ ਦੀ ਗੁੜ੍ਹਤੀ ਵਿਰਾਸਤ ਵਿੱਚੋਂ ਹੀ ਮਿਲੀ ਕਿਉਂਕਿ ਆਪ ਦੇ ਪਿਤਾ ਇਕ ਉੱਤਮ ਕੀਰਤਨਕਾਰ ਸਨ। ਆਪ ਦੀ ਆਰੰਭਿਕ ਸਿੱਖਿਆ ਆਪਣੇ ਪਿਤਾ ਪਾਸੋਂ ਹੀ ਆਰੰਭ ਹੋਈ। ਸਮੇਂ-ਸਮੇਂ ਆਪ ਨੇ ਸੰਗੀਤ ਦੀ ਵਿਧੀਵਤ ਤਾਲੀਮ ਸੰਗੀਤਾਚਾਰੀਆ ਪ੍ਰੋਫੈਸਰ ਤਾਰਾ ਸਿੰਘ, ਉਸਤਾਦ ਸੋਹਣ ਸਿੰਘ ਅਤੇ ਉਸਤਾਦ ਬਾਕੁਰ ਹੁਸੈਨ ਪਾਸੋਂ ਗ੍ਰਹਿਣ ਕੀਤੀ। ਵਿਭਿੰਨ ਘਰਾਣਿਆਂ ਦੀ ਸੰਗੀਤਕ ਤਾਲੀਮ ਹਾਸਿਲ ਕਰਨ ਉਪਰੰਤ ਸੰਗੀਤ ਦੇ ਸਿਧਾਂਤਕ ਅਤੇ ਕਿਰਿਆਤਮਕ ਖੇਤਰ ਦੀ ਸਾਂਭ-ਸੰਭਾਲ ਲਈ ਕੀਤੇ ਗਏ ਆਪ ਦੇ ਅਣਥੱਕ ਯਤਨ ਸੰਗੀਤ ਖੇਤਰ ਲਈ ਮੀਲ ਪੱਥਰ ਸਾਬਤ ਹੋਏ। ਆਪ ਸੰਗੀਤ ਦੇ ਕਿਰਿਆਤਮਕ ਅਤੇ ਸਿਧਾਂਤਕ ਖੇਤਰ ਦੇ ਪਰਪੱਕ ਵਿਦਵਾਨ ਹਨ।ਆਪ ਨੇ ਗੁਰਮਤਿ ਸੰਗੀਤ ਵਿੱਚ ਤੰਤੀ ਸਾਜ਼ਾਂ ਨੂੰ ਮੁੜ ਸੁਰਜੀਤ ਕੀਤਾ ਅਤੇ ਇਸ ਵਿਧਾ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ। ਸਿਧਾਂਤਕ ਦ੍ਰਿਸਟੀ ਤੋਂ ਆਪ ਨੇ ਸੰਗੀਤ ਕਲਾ ਨਾਲ ਸਬੰਧਤ ਲਗਭਗ 65 ਖੋਜ ਪੱਤਰ ਅਤੇ 41 ਪੁਸਤਕਾਂ (ਬਤੌਰ ਲੇਖਕ ਅਤੇ ਸੰਪਾਦਕ) ਪ੍ਰਕਾਸ਼ਿਤ ਕੀਤੀਆਂ। ਆਪ ਸਮੇਂ-ਸਮੇਂ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੇ ਮੁੱਖੀ ਅਤੇ ਡੀਨ (ਆਰਟਸ ਐਂਡ ਕਲਚਰ ਫੈਕਲਟੀ) ਰਹਿ ਚੁੱਕੇ ਹਨ। ਵਰਤਮਾਨ ਸਮੇਂ ਆਪ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਵਜੋਂ ਕਾਰਜਰਤ ਹਨ। ਗੁਰਮਤਿ ਸੰਗੀਤ ਦੀ ਇਕ ਸੁਤੰਤਰ ਵਿਸ਼ੇ ਵਜੋਂ ਸਥਾਪਤੀ ਦਾ ਸਿਹਰਾ ਆਪ ਨੂੰ ਹੀ ਜਾਂਦਾ ਹੈ। ਆਪ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਰਨਿਤ 31 ਮੁੱਖ ਰਾਗ ਅਤੇ 31 ਰਾਗ ਪ੍ਰਕਾਰਾਂ ਨੂੰ ਆਪਣੀ ਆਵਾਜ਼ ਦੇ ਕੇ ਇਕ ਸੁਘੜ ਕੀਰਤਨਕਾਰ ਹੋਣ ਦਾ ਪ੍ਰਮਾਣ ਦਿਤਾ। ਗੁਰਮਤਿ ਸੰਗੀਤ ਖੇਤਰ ਵਿੱਚ ਦਿਤੀਆਂ ਗਈਆਂ ਸੇਵਾਵਾਂ ਸਦਕਾ ਆਪ ਨੂੰ 1992 ਵਿੱਚ ਗੁਰਮਤਿ ਸੰਗੀਤ ਅਵਾਰਡ, 2001 ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਸ਼ਿਰੋਮਣੀ ਰਾਗੀ ਅਵਾਰਡ, 2003 ਵਿੱਚ ਸੰਗੀਤ ਨਾਟਕ ਅਕਾਦਮੀ ਵੱਲੋਂ ਸੀਨੀਅਰ ਫੈਲੋਸ਼ਿਪ, 2006 ਵਿੱਚ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਮਤਿ ਸੰਗੀਤ ਅਵਾਰਡ, 2010 ਵਿੱਚ ਪੰਜਾਬ ਸਰਕਾਰ ਦੁਆਰਾ ਸੰਗੀਤ ਖੇਤਰ ਵਿੱਚ ਦਿਤੀਆਂ ਗਈਆਂ ਵੱਡਮੁਲੀਆਂ ਸੇਵਾਵਾਂ ਲਈ ਸਟੇਟ ਅਵਾਰਡ ਨਾਲ ਨਿਵਾਜਿਆ ਜਾ ਚੁੱਕਿਆ ਹੈ। ਡਾ. ਗੁਰਨਾਮ ਸਿਘ ਸੰਗੀਤ ਖੇਤਰ ਦੇ ਅਜਿਹੇ ਵਿਦਵਾਨ ਹਨ ਜਿਹਨਾਂ ਨੇ ਸੰਗੀਤ ਦੇ ਹਰ ਪੱਖ (ਸ਼ਾਸਤਰੀ ਸੰਗੀਤ, ਲੋਕ ਸੰਗੀਤ ਅਤੇ ਗੁਰਮਤਿ ਸੰਗੀਤ) ਨਾਮ ਸਬੰਧਿਤ ਵਿਸ਼ਾਗਤ ਅਤੇ ਖੋਜ-ਪੂਰਨ ਪੁਸਤਕਾਂ ਸੰਗੀਤ ਪਾਠਕਾਂ ਦੀ ਝੋਲੀ ਪਾਈਆਂ। ਪੰਜਾਬੀ ਭਾਸ਼ਾਈ ਸੰਗੀਤ ਪੁਸਤਕਾਂ ਦੀ ਰਚਨਾ ਵਿੱਚ ਪ੍ਰੋਫੈਸਰ ਤਾਰਾ ਜੀ ਹੁਰਾਂ ਦੇ ਨਾਮ ਤੋਂ ਬਾਅਦ ਆਪ ਦਾ ਨਾਮ ਸਤਿਕਾਰ ਵਜੋਂ ਲਿਆ ਜਾਂਦਾ ਹੈ।ਆਪ ਨੇ ਪੰਜਾਬੀ ਭਾਸ਼ਾ ਵਿੱਚ ਸੰਗੀਤ ਦੀਆਂ ਵਿਭਿੰਨ ਵਿਧਾਵਾਂ ਨਾਲ ਸਬੰਧਿਤ ਲਗਭਗ 15 ਪੁਸਤਕਾਂ ਦੀ ਰਚਨਾ ਕੀਤੀ ਜਿਹਨਾਂ ਦੇ ਵਿਵੇਚਨਾਤਮਕ ਅਧਿਐਨ ਦੀ ਕੋਸ਼ਿਸ ਹੈ।

**ਪੰਜਾਬੀ ਸੰਗੀਤਕਾਰ** ਡਾ. ਗੁਰਨਾਮ ਸਿੰਘ ਦੀ ਕ੍ਰਿਤ ਹੈ ਜਿਸ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ,

ਪਟਿਆਲਾ ਦੁਆਰਾ 1989 ਵਿੱਚ ਕੀਤਾ ਗਿਆ । ਹੱਥਲੀ ਪੁਸਤਕ ਵਿੱਚ ਲੇਖਕ ਨੇ ਭਾਰਤੀ ਸੰਗੀਤ ਵਿੱਚ ਪੰਜਾਬੀ ਸੰਗੀਤਕਾਰਾਂ ਦੇ ਯੋਗਦਾਨ ਤੋਂ ਜਾਣੂੰ ਕਰਵਾਇਆ ਹੈ। ਪੁਸਤਕ ਦੀ ਅਰੰਭਤਾ ਵਿੱਚ ਲੇਖਕ ਨੇ ਪੰਜਾਬ ਦੇ ਨਾਮਕਰਨ, ਪੰਜਾਬੀ ਸੱਭਿਅਤਾ ਅਤੇ ਪੰਜਾਬੀਆਂ ਦੀ ਜੁਝਾਰੂ ਪ੍ਰਵਿਰਤੀ ਦਾ ਜਿਕਰ ਕਰਦਿਆਂ ਇਸ ਤੱਥ ਦੀ ਪੁਸ਼ਟੀ ਕੀਤੀ ਹੈ ਕਿ ਹਮਲਾਵਰਾਂ ਦੇ ਹਮਲਿਆਂ ਕਾਰਨ ਪ੍ਰਭਾਵਿਤ ਪੰਜਾਬੀ ਆਪਣੇ ਸੰਗੀਤ ਨੂੰ ਸਾਂਭਣ ਵਿੱਚ ਕੁਝ ਹੱਦ ਤੱਕ ਸਫਲ ਨਹੀਂ ਰਹੇ। ਲੇਖਕ ਨੇ ਪੰਜਾਬੀਆਂ ਦੀ ਜੁਝਾਰੂ ਪ੍ਰਵਿਰਤੀ ਦੇ ਨਾਲ-ਨਾਲ ਸੰਗੀਤ ਜਿਹੀ ਕੋਮਲ ਕਲਾ ਨੂੰ ਸਾਂਭਣ ਲਈ ਕੀਤੇ ਗਏ ਉਪਰਾਲਿਆਂ ਦਾ ਜਿਕਰ ਕੀਤਾ ਹੈ। ਸੰਗੀਤ ਦੇ ਸਿਧਾਂਤਿਕ ਪੱਖ ਵਿੱਚ ਅਜਿਹੇ ਅਣਗੌਲੇ ਵਿਸ਼ਿਆਂ ਨੂੰ ਉਜਾਗਰ ਕਰਨਾ ਲੇਖਕ ਦਾ ਸ਼ਲਾਘਾਯੋਗ ਉਪਰਾਲਾ ਹੈ। ਲੇਖਕ ਨੇ ਗੁਰਮਤਿ ਸੰਗੀਤ ਦੀ ਸੰਗੀਤਕ ਮਹੱਤਤਾ ਦਸਣ ਦੇ ਨਾਲ-ਨਾਲ ਪੁਸਤਕ ਵਿੱਚ ਭਾਰਤੀ ਸੰਗੀਤ ਦੀਆਂ ਧਰੁਪਦ, ਧਮਾਰ, ਖਿਆਲ, ਟੱਪਾ, ਠੁਮਰੀ, ਕਾਫੀ, ਦਾਦਰਾ, ਗਜਲ ਅਤੇ ਕੱਵਾਲੀ ਗਾਇਨ ਸ਼ੈਲੀਆਂ ਦੇ ਇਤਿਹਾਸ ਅਤੇ ਵਿਕਾਸ ਤੋਂ ਵੀ ਜਾਣੂੰ ਕਰਵਾਇਆ ਹੈ । ਇਹ ਪੁਸਤਕ ਮੂਲ ਰੂਪ ਵਿੱਚ ਪੰਜਾਬੀ ਸੰਗੀਤਕਾਰਾਂ ਦੇ ਜੀਵਨ ਉੱਪਰ ਝਾਤ ਦਾ ਮਹੱਤਵਪੂਰਨ ਉਪਰਾਲਾ ਹੈ। ਪੁਸਤਕ ਵਿੱਚ ਪੰਜਾਬੀ ਸੰਗੀਤਕਾਰਾਂ ਨੂੰ ਤਿੰਨ ਸ਼੍ਰੇਣੀਆਂ (ਗਾਇਕਾਂ, ਵਾਦਕਾਂ ਅਤੇ ਸੰਗੀਤਾਚਾਰੀਆ) ਅਨੁਸਾਰ ਵੰਡਿਆ ਹੈ। ਸਭ ਤੋਂ ਪਹਿਲਾਂ ਭਾਈ ਮਰਦਾਨਾ, ਭਾਈ ਸ਼ਹਿਨਾਜ, ਭਾਈ ਸੱਤਾ ਬਲਵੰਡ, ਸਾਦੂ ਅਤੇ ਬਾਦੂ ਨਾਮੀ ਸੰਗੀਤਕਾਰਾਂ ਦੇ ਜੀਵਨ ਤੋਂ ਪਰਿਚਿਤ ਕਰਵਾਇਆ ਹੈ। ਇਸ ਪੁਸਤਕ ਵਿੱਚ 24 ਸ਼ਾਸਤਰੀ ਗਾਇਕਾਂ ( ਉਸਤਾਦ ਬੰਨੇ ਖਾਂ ਪੰਜਾਬੀ, ਉਸਤਾਦ ਅਲੀ ਬਖਸ਼, ਸੁਆਮੀ ਹਰਿਵੱਲਭ, ਨਾਥ ਜੀ ਬਟਾਲੇ ਵਾਲੇ, ਪੰਡਿਤ ਗੁੱਜਰ ਰਾਮ ਵਾਸੂਦੇਵ ਰਾਗੀ, ਉਸਤਾਦ ਨੀਆਂ ਜਾਨ, ਹਕੀਮ ਚਾਨਣ ਰਾਮ, ਉਸਤਾਦ ਪਿਆਰੇ ਖਾਂ, ਉਸਤਾਦ ਸੇਂਦੇ ਖਾਂ, ਭਗਤ ਮੰਗਤ ਰਾਮ, ਉਸਤਾਦ ਆਸ਼ਿਕ ਅਲੀ, ਗੁਲਾਮ ਮੁਹੰਮਦ ਖਾਂ, ਉਸਤਾਦ ਬੜੇ ਗੁਲਾਮ ਅਲੀ ਖਾਂ ਸਾਹਿਬ, ਉਸਤਾਦ ਬਰਕਤ ਅਲੀ, ਭਗਵਾਨ ਦਾਸ ਸੈਣੀ, ਮਾਸਟਰ ਰਤਨ, ਨੀਆਂ ਤੁਵੱਕਲ ਖਾਂ, ਉਸਤਾਦ ਅਬਦੁਲ ਰਹਿਮਾਨ, ਪਦਮ ਸ਼੍ਰੀ ਸੋਹਣ ਸਿੰਘ, ਉਸਤਾਦ ਨਜਾਕਤ ਅਲੀ ਸਲਾਮਤ ਅਲੀ, ਉਸਤਾਦ ਬਾਕੁਰ ਹੁਸੈਨ, ਉਸਤਾਦ ਮੁਨੱਵਰ ਅਲੀ, ਉਸਤਾਦ ਤਿਰਲੋਚਣ ਸਿੰਘ, ਸਿੰਘ ਬੰਧੂ ) ਦੇ ਜੀਵਨ ਸਬੰਧੀ ਮਹੱਤਵਪੂਰਨ ਪਹਿਲੂਆਂ ਨੂੰ ਉਜਾਗਰ ਕਰਨ ਦੇ ਨਾਲ-ਨਾਲ, ਇਹਨਾਂ ਦੀ ਭਾਰਤੀ ਸੰਗੀਤ ਨੂੰ ਕੀ ਦੇਣ ਹੈ ਇਸ ਸਬੰਧੀ ਚਰਚਾ ਕੀਤੀ ਹੈ। ਚਾਰ ਸ਼ਾਸਤਰੀ ਵਾਦਕਾਂ ਵਿੱਚ ਭਾਈ ਮਹਿਬੂਬ ਅਲੀ, ਭਾਈ ਹਰਨਾਮ ਸਿੰਘ, ਮਹੰਤ ਗੱਜਾ ਸਿੰਘ, ਉਸਤਾਦ ਮੁਹੰਮਦ ਸਰੀਫ ਦੀ ਭਾਰਤੀ ਸੰਗੀਤ ਨੂੰ ਦਿਤੇ ਯੋਗਦਾਨ ਤੋਂ ਜਾਣੂੰ ਕਰਵਾਇਆ ਹੈ। ਚਾਰ ਤਬਲਾ ਵਾਦਕਾਂ ਵਿੱਚ ਉਸਤਾਦ ਮਲੰਗ ਖਾਂ, ਓਸਤਾਦ ਬਹਾਦਰ ਸਿੰਘ, ਉਸਤਾਦ ਕਾਦਰ ਬਖਸ਼, ਉਸਤਾਦ ਲਛਮਣ ਦਾਸ ਅਤੇ ਚਾਰ ਸੰਗੀਤਾਚਾਰੀਆ ਵਿੱਚ ਪੰਨਾ ਲਾਲ ਗੁਸਾਈ, ਪੰਡਿਤ ਦਲੀਪ ਚੰਦਰ ਬੇਦੀ, ਪੰਡਿਤ ਹਰੀਸ਼ ਚੰਦਰ ਬਾਲੀ ਅਤੇ ਪ੍ਰੋ. ਤਾਰਾ ਸਿੰਘ ਦੇ ਜੀਵਨ ਦੀ ਰੌਚਕ ਜਾਣਕਾਰੀ ਮੁਹੱਈਆ ਕਰਵਾਈ ਹੈ।

ਪੁਸਤਕ ਵਿੱਚ ਕੁੱਝ ਅਜਿਹੇ ਵਿਦਵਾਨ ਕਲਾਕਾਰਾਂ ਦਾ ਪਰਿਚੈ ਪ੍ਰਾਪਤ ਹੰਦਾ ਹੈ ਜੋ ਪੰਜਾਬੀ ਸੰਗੀਤ ਦੀ ਮੂਲ ਵਿਰਾਸਤ ਨਾਲ ਤਾਂ ਜੁੜੇ ਰਹੇ ਪਰੰਤੂ ਇਤਿਹਾਸਕ ਪਛਾਣ ਤੋਂ ਵਾਂਝੇ ਰਹੇ ਹਨ। ਲੇਖਕ ਨੇ ਪੰਜਾਬੀ ਸੰਗੀਤ ਵਿਰਾਸਤ ਨੂੰ ਸੰਗੀਤ ਵਿੱਚ ਆ ਰਹੇ ਬਦਲਾਵਾਂ ਤੋਂ ਬਚਣ ਦੇ ਉਪਾਅ ਸੁਝਾਏ ਹਨ। ਸਮੁੱਚੀ ਪੁਸਤਕ ਉੱਪਰ ਝਾਤ ਮਾਰੀਏ ਤਾਂ ਮਹਿਸੂਸ ਹੰਦਾ ਹੈ ਕਿ ਲੇਖਕ ਨੇ ਜਿੱਥੇ ਸੰਗੀਤ ਦੀ ਇਤਿਹਾਸਕ ਪਛਾਣ ਤੋਂ ਵਾਂਝੇ ਕੁਝ ਪੰਜਾਬੀ ਸੰਗੀਤਕਾਰਾਂ ਨੂੰ ਆਪਣੀ ਪੁਸਤਕ ਦਾ ਸ਼ਿੰਗਾਰ ਬਣਾਇਆ ਹੈ, ਉੱਥੇ ਕੁਝ ਵਿਦਵਾਨ ਸੰਗੀਤਕਾਰਾਂ ਨੂੰ ਅੱਖੋਂ ਉਹਲੇ ਵੀ ਕੀਤਾ ਹੈ ਜਿਵੇਂ ਸੋਮਦੱਤ ਬੱਟੂ, ਸ਼ਰੁਤੀ ਰਤਨ ਸ਼ਰਮਾ, ਪ੍ਰੋ. ਹਰੀਦੇਵ, ਬਿਹਾਰੀ ਲਾਲ ਮਲੇਰਕੋਟਲਾ, ਬਲਦੇਵ ਰਾਜ ਵਰਮਾ, ਬਲਦੇਵ ਸ਼ਰਨ ਨਾਰੰਗ, ਪਦਮ ਸ਼੍ਰੀ ਰਤਨ ਲਾਲ ਦੀਪਕ, ਪੰਡਿਤ ਯਸ਼ਪਾਲ, ਮਹਿੰਦਰ ਸਿੰਘ ਠੁਮਰੀ ਅਤੇ ਸ਼੍ਰੀ ਕਾਲੇ ਰਾਮ ਜੀ, ਜਦਕਿ ਇਹ ਸੰਗੀਤ ਕਲਾਕਾਰ ਪੁਸਤਕ ਦੇ ਰਚਨਾ-ਕਾਲ ਸਮੇਂ ਸੰਗੀਤ ਦੇ ਖੇਤਰ ਵਿੱਚ ਪੰਜਾਬ ਦੀ ਰਹਿਨੁਮਾਈ ਕਰ ਰਹੇ ਹਨ, ਜੇਕਰ ਇਹਨਾਂ ਸੰਗੀਤਕਾਰਾਂ ਦੀ ਜਾਣ-ਪਹਿਚਾਣ ਵੀ ਸੰਗੀਤ ਦੇ ਵਿਦਿਆਰਥੀਆਂ ਨਾਲ ਕਰਵਾ ਦਿੱਤੀ ਜਾਂਦੀ ਤਾਂ ਸੋਨੇ ਤੇ ਸੁਹਾਗੇ ਵਾਲੀ ਕਹਾਵਤ ਸੱਚ ਹੋ ਨਿਬੜਦੀ, ਹੋ ਸਕਦਾ ਹੈ ਕਿ ਇਹ ਲੇਖਕ ਦਾ ਅਗਲੇਰਾ ਕਾਰਜ ਵੀ ਹੋਵੇ।

**ਸੰਗੀਤ ਨਿਬੰਧਾਵਲੀ** ਪੁਸਤਕ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ 1991 ਵਿੱਚ ਕੀਤਾ ਗਿਆ। ਇਸ ਪੁਸਤਕ ਵਿੱਚ ਲੇਖਕ ਨੇ ਭਾਰਤੀ ਸੰਗੀਤ ਦੇ ਵਿਦਿਆਰਥੀਆਂ ਲਈ ਪ੍ਰਚਲਿਤ, ਲੋੜੀਂਦੇ ਅਤੇ ਅਣਗੌਲੇ ਵਿਸ਼ਿਆਂ ਸਬੰਧੀ ਸਮੱਗਰੀ ਨੂੰ ਇੱਕਠਾ ਕਰਕੇ ਪੁਸਤਕ ਦੇ ਰੂਪ ਵਿੱਚ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿੱਚ ਲੇਖਕ ਨੇ ਹਿੰਦੁਸਤਾਨੀ ਸੰਗੀਤ ਪੱਧਤੀ ਅਤੇ ਕਰਨਾਟਕੀ ਸੰਗੀਤ ਪੱਧਤੀ ਦੀਆਂ ਸਮਾਨਤਾਵਾਂ, ਵਿਭਿੰਨਤਾਵਾਂ, ਦੋਵਾਂ ਪੱਧਤੀਆਂ ਵਿੱਚਲੇ ਤਾਲਾਂ ਦਾ ਵੱਖਰੇਵਾਂ ਅਤੇ ਦੋਵਾਂ ਪੱਧਤੀਆਂ ਦੇ ਥਾਟਾਂ ਦੇ ਵੱਖਰੇਵੇਂ ਨੂੰ ਸਰਲ ਰੂਪ ਵਿੱਚ ਸਪਸ਼ਟ ਕੀਤਾ ਹੈ। ਲੇਖਕ ਨੇ ਪੁਸਤਕ ਵਿੱਚ ਭਾਰਤੀ ਸੰਗੀਤ ਦੀਆਂ ਧਰੁਪਦ, ਧਮਾਰ, ਖਿਆਲ, ਠੁਮਰੀ, ਟੱਪਾ, ਚਤੁਰੰਗ, ਸ਼ਬਦ, ਭਜਨ, ਗਜਲ ਗਾਇਨ ਸ਼ੈਲੀਆਂ ਦੇ ਕ੍ਰਮਿਕ ਵਿਕਾਸ ਤੋਂ ਜਾਣੂੰ ਕਰਵਾਇਆ ਹੈ, ਇਸਦੇ ਨਾਲ-ਨਾਲ ਬਹੁਤ ਸਾਰੇ ਲਕਸ਼ਣ ਗੀਤ, ਧਰੁਪਦ, ਧਮਾਰ, ਖਿਆਲ ਅਤੇ ਤਰਾਨਾ ਆਦਿ ਗਾਇਨ ਸ਼ੈਲੀਆਂ ਦੀਆਂ ਸਵਰਲਿਪੀਆਂ ਪ੍ਰਸਤੁਤ ਕੀਤੀਆਂ ਗਈਆਂ ਹਨ ਜੋ ਸੰਗੀਤ ਦੇ ਵਿਦਿਆਰਥੀਆਂ ਲਈ ਬਹੁਤ ਹੀ ਲਾਹੇਵੰਦ ਹਨ। ਸੰਗੀਤ ਦੀ ਮੁਢੱਲੀ ਸਿੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਥਾਟ, ਰਾਗ, ਸਮਾਂ ਸਿਧਾਂਤ ਅਤੇ ਕੰਠ ਸਾਧਨਾ ਆਦਿ ਵਿਸ਼ਿਆਂ ਉੱਪਰ ਆਪਣੇ ਵਿਚਾਰ ਪੇਸ ਕੀਤੇ ਹਨ। ਇਸ ਪੁਸਤਕ ਵਿੱਚ ਲੇਖਕ ਨੇ ਭਾਰਤੀ ਸੰਗੀਤ ਦੇ ਸਾਰੇ ਸਾਜਾਂ ਨੂੰ  ਤੱਤ ਵਾਦਿਅ, ਸੁਸ਼ਿਰ ਵਾਦਿਅ, ਘਨ ਵਾਦਿਅ ਅਤੇ ਅਵਨੱਧ ਵਾਦਿਅ ਅਨੁਸਾਰ ਵੰਡਿਆ ਹੈ। ਲੇਖਕ ਨੇ ਭਾਰਤੀ ਸੰਗੀਤ ਦੇ ਅਤੀਤ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਅਤੇ ਔਕੜਾਂ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਦਸਿਆ ਹੈ ਕਿ ਸੰਗੀਤ ਨੂੰ ਭਵਿੱਖ ਵਿੱਚ ਕਿਸ ਦ੍ਰਿਸ਼ਟੀ ਨਾਲ ਵਾਚਿਆ ਜਾਵੇਗਾ। ਪੁਸਤਕ ਵਿੱਚ ਭਾਰਤੀ ਸੰਗੀਤ ਅਤੇ ਫਿਲਮੀ ਸੰਗੀਤ ਦਾ ਸਬੰਧ, ਪੰਜਾਬ ਦਾ ਭਾਰਤੀ ਸੰਗੀਤ ਨੂੰ ਯੋਗਦਾਨ, ਲਲਿਤ ਕਲਾਵਾਂ ਵਿੱਚ ਨ੍ਰਿਤ ਦਾ ਸਥਾਨ, ਕੱਥਕ ਦਾ ਸਥਾਨ, ਪੰਜਾਬ, ਹਿਮਾਚਲ ਅਤੇ ਰਾਜਸਥਾਨ ਦੇ ਲੋਕ ਨਾਚ ਆਦਿ ਨਾਮੀ ਵਿਸ਼ਿਆਂ ਨੂੰ ਉਜਾਗਰ ਕੀਤਾ ਹੈ। ਸੰਗੀਤ ਵਿੱਚ ਗ੍ਰੰਥਕਾਰਾਂ ਦੀ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਭਰਤ, ਮਤੰਗ, ਸ਼ਾਰੰਗਦੇਵ, ਪੰਡਿਤ ਲੋਚਨ, ਪੁੰਡਰੀਕ ਵਿੱਠਲ, ਰਾਮਾਮਾਤਿਆ, ਦਮੋਦਰ ਅਤੇ ਸ਼੍ਰੀ ਨਿਵਾਸ ਹੁਰਾਂ ਦੇ ਜੀਵਨ ਤੋਂ ਜਾਣੂੰ ਕਰਵਾਇਆ ਹੈ।

ਪੁਸਤਕ ਦੇ ਸਿਰਲੇਖ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੁੱਚੀ ਸਮੱਗਰੀ ਨਿਬੰਧਾਤਮਕ ਰੂਪ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਦੀ ਰਚਨਾ ਕਰਦੇ ਸਮੇਂ ਭਾਰਤੀ ਸੰਗੀਤ ਦੇ ਹਰ ਖੇਤਰ ਨਾਲ ਸਬੰਧਿਤ ਨਿਬੰਧ ਸ਼ਮਿਲ ਕੀਤੇ ਗਏ ਹਨ। ਪੁਸਤਕ ਦੀ ਭਾਸ਼ਾ ਬਹੁਤ ਹੀ ਸਰਲ ਅਤੇ ਸਮਝਣਯੋਗ ਹੈ । ਇਸ ਪੁਸਤਕ ਦੀ ਮੂਲ ਵਿਸੇਸ਼ਤਾ ਇਹ ਹੈ ਕਿ ਇਸ ਪੁਸਤਕ ਵਿੱਚ ਪ੍ਰਾਚੀਨ ਧਰੁਪਦ ਅਤੇ ਧਮਾਰ ਗਾਇਨ ਸ਼ੈਲੀਆਂ ਦੀਆਂ ਕੁਝ ਸਵਰਲਿਪੀਆਂ ਉਦਾਹਰਣ ਸਵਰੂਪ ਮਿਲਦੀਆਂ ਹਨ ਜੋ ਸੰਗੀਤ ਦੇ ਵਿਦਿਆਰਥੀਆਂ ਲਈ ਬਹੁਤ ਹੀ ਅਹਿਮ ਸੋਮਾ ਹਨ।

**ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਿਸ਼ਾਂ** ਪੁਸਤਕ ਦਾ ਪ੍ਰਕਾਸ਼ਨ 1999 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਰਾਹੀਂ ਹੋਇਆ। ਇਹ ਪੁਸਤਕ ਸੰਗੀਤ ਜਗਤ ਤੇ ਪੰਜਾਬੀ ਕਾਵਿ ਜਗਤ ਲਈ ਇੱਕ ਨਿਵੇਕਲੀ ਪੁਸਤਕ ਹੈ। ਲੇਖਕ ਨੇ ਵਿਭਿੰਨ ਸਰੋਤਾਂ ਅਤੇ ਕਲਾਕਾਰਾਂ, ਰਚਨਾਕਾਰਾਂ ਤੋਂ ਪੰਜਾਬੀ ਬੰਦਿਸ਼ਾਂ ਗ੍ਰਹਿਣ ਕਰਨ ਉਪਰੰਤ ਉਨ੍ਹਾਂ ਨੂੰ ਸਵਰਲਿਪੀਬੱਧ ਕਰਕੇ ਪੁਸਤਕ ਦੇ ਰੂਪ ਵਿੱਚ ਪਰੋਸਿਆ ਹੈ।

ਇਸ ਪੁਸਤਕ ਵਿੱਚ ਸ਼ਾਸਤਰੀ ਸੰਗੀਤ ਦੀ ਪੰਜਾਬੀ ਭਾਸ਼ਾਈ ਸਮੱਗਰੀ ਦਾ ਸੰਕਲਨ ਕੀਤਾ ਗਿਆ ਹੈ। ਇਸ ਪੁਸਤਕ ਦੇ ਆਰੰਭ ਵਿੱਚ ਪੰਜਾਬ ਦੀ ਸੰਗੀਤ ਪਰੰਪਰਾ ਦੀ ਹਿੰਦੋਸਤਾਨੀ ਸੰਗੀਤ ਨੂੰ ਦੇਣ ਤੋਂ ਜਾਣੂੰ ਕਰਵਾਉਦਿਆਂ ਗਾਇਨ ਰਚਨਾਵਾਂ ਅਤੇ ਬੰਦਿਸ਼ ਕਾਵਿ ਦੀ ਜਾਣਕਾਰੀ ਦਿੱਤੀ ਹੈ। ਪੁਸਤਕ ਦਾ ਮੂਲ ਆਧਾਰ ਖਿਆਲ ਗਾਇਨ ਨੂੰ ਹੀ ਬਣਾਇਆ ਗਿਆ ਹੈ ਜਿਸ ਵਿੱਚ ਸਦਾਰੰਗ, ਅਦਾਰੰਗ, ਮਨਰੰਗ, ਗੁਲਾਮ ਨਬੀ ਸ਼ੋਰੀ, ਕਾਲੇ ਖਾਂ, ਨਾਥ ਜੀ ਬਟਾਲੇ ਵਾਲੇ ਕਲਾਕਾਰਾਂ ਦੀਆਂ ਬੰਦਿਸ਼ਾਂ ਲਿੱਪੀਬੱਧ ਕੀਤੀਆਂ ਗਈਆਂ ਹਨ। ਇਸ ਪੁਸਤਕ ਵਿੱਚ ਰਾਗ ਯਮਨ, ਹਮੀਰ, ਕੇਦਾਰ, ਭੀਮਪਲਾਸੀ, ਸ਼ੰਕਰਾ, ਰਾਮਕਲੀ, ਪੂਰੀਆ, ਪੂਰੀਆ ਧਨਾਸਰੀ, ਦੇਸੀ, ਭੈਰਵ, ਬਿਹਾਗ ਆਦਿ ਦੇ ਸਥਾਈ ਅੰਤਰੇ ਪੰਜਾਬੀ ਭਾਸ਼ਾ ਵਿੱਚ ਵਿਦਮਾਨ ਹਨ। ਪੰਜਾਬੀ ਭਾਸ਼ਾਈ ਸ਼ਾਸਤਰੀ

ਗਾਇਨ ਬੰਦਿਸ਼ਾਂ ਦੇ ਰੂਪ ਵਿੱਚ ਕੁੱਲ 139 ਪੰਜਾਬੀ ਭਾਸ਼ਾਈ ਸ਼ਾਸਤਰੀ ਗਾਇਨ ਬੰਦਿਸ਼ਾਂ ਵੱਖ-ਵੱਖ ਰਾਗਾਂ ਰਾਗ ਬਿਹਾਗ, ਦੇਸਕਾਰ, ਸ਼ੰਕਰਾ, ਰਾਗ, ਬੈਰਾੜੀ, ਭੈਰਵ, ਰਾਮਕਲੀ, ਜੋਗੀਆ, ਖਮਾਜ, ਦੇਸ, ਗਾਰਾ, ਸੋਰਠਿ, ਬਾਗੇਸਰੀ, ਯਮਨ, ਭੂਪਾਲੀ, ਗੌਂਢ, ਸਾਰੰਗ, ਹਮੀਰ, ਕੇਦਾਰ, ਸ਼ੁੱਧ ਕਲਿਆਣ, ਮਾਲਕੌਂਸ, ਬ੍ਰਿੰਦਾਵਨੀ, ਸਾਰੰਗ, ਸੁਧ ਸਾਰੰਗ, ਜੋਗ, ਸਿਵਰੰਜਨੀ, ਮਲਾਰ, ਧਨਾਸਰੀ, ਭੀਮਪਲਾਸੀ, ਮੀਆਂ ਕੀ ਤੋੜੀ, ਤੋੜੀ, ਗੁਜਰੀ ਤੋੜੀ, ਆਸਾਵਰੀ, ਪੂਰੀਆ, ਸੋਹਣੀ, ਪਰਜ, ਪੂਰੀਆ ਧਨਾਸਰੀ, ਭੈਰਵੀ (ਟੱਪੇ), ਜੋਗਕੌਂਸ, ਲਲਿਤ, ਕੌਂਸੀ ਕਾਨੜਾ, ਬਾਗੇਸਰੀ, ਕਾਨ੍ਹੜਾ, ਨਟ, ਮਲਹਾਰ, ਸਰਪਰਦਾ ਬਿਲਾਵਲ, ਮਧੂਵੰਤੀ, ਭਟਿਆਰ, ਝਿੰਝੋਟੀ ਵਿੱਚ ਦਰਜ ਹਨ ।

ਪੰਜਾਬੀ ਭਾਸ਼ਾਈ ਸ਼ਾਸ਼ਤਰੀ ਗਾਇਨ ਬੰਦਿਸ਼ਾਂ ਪੁਸਤਕ ਵਿੱਚਲੀਆਂ ਸਾਰੀਆਂ ਬੰਦਿਸ਼ਾਂ ਪੰਜਾਬੀ ਭਾਸ਼ਾ ਵਿੱਚ ਹੀ ਦਰਜ ਹਨ। ਇਹ ਪੁਸਤਕ ਸ਼ਾਸਤਰੀ ਗਾਇਨ ਬੰਦਿਸ਼ਾਂ ਦੇ ਪੰਜਾਬੀ ਕਾਵਿ ਦੀ ਵਿਲੱਖਣ ਪੁਸਤਕ ਹੈ। ਇਸ ਤੋਂ ਪੰਜਾਬੀ ਸੰਗੀਤ ਦੀ ਹਿੰਦੋਸਤਾਨੀ ਸੰਗੀਤ ਨੂੰ ਦੇਣ ਦਾ ਅਹਿਸਾਸ ਵੀ ਹੁੰਦਾ ਹੈ ਜੋ ਕਿ ਆਪਣੇ ਨਾਮ ਦੀ ਸਾਰਥਕਤਾ ਸਿੱਧ ਕਰਦੀ ਹੈ। ਇਹ ਪੁਸਤਕ ਪੰਜਾਬੀ ਭਾਸ਼ਾ ਵਿੱਚ ਸ਼ਾਸਤਰੀ ਗਾਇਨ ਬੰਦਿਸ਼ਾਂ ਦੇ ਸੰਗ੍ਰਹਿ ਦੀ ਦ੍ਰਿਸ਼ਟੀ ਤੋਂ ਬਹੁਤ ਹੀ ਮਹੱਤਵਪੂਰਨ ਪੁਸਤਕ ਹੈ ਜਿਸ ਵਿੱਚ ਕੁਝ ਰਾਗਾਂ ਦੀਆਂ ਘਰਾਣੇਦਾਰ ਬੰਦਿਸ਼ਾਂ ਵਿਦਮਾਨ ਹਨ। ਇਸ ਪੁਸਤਕ ਦੀ ਭਾਸ਼ਾ ਸ਼ੈਲੀ ਸੁੰਦਰ ਅਤੇ ਸਰਲ ਹੈ। ਇਸ ਪੁਸਤਕ ਤੋਂ ਸਪੱਸ਼ਟ ਹੁੰਦਾ ਹੈ ਕਿ ਹਿੰਦੋਸਤਾਨੀ ਸ਼ਾਸਤਰੀ ਸੰਗੀਤ ਦੀਆਂ ਸ਼ਾਸ਼ਤਰੀ ਗਾਇਨ ਬੰਦਿਸ਼ਾਂ ਵਿੱਚ ਪ੍ਰਚਲਿਤ ਪੰਜਾਬੀ ਕਾਵਿ ਵਾਲੀਆਂ ਸੰਗੀਤ ਰਚਨਾਵਾਂ ਵਿੱਚ ਪ੍ਰਯੁਕਤ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ, ਪੰਜਾਬ ਦੀ ਨਿੱਗਰ ਸ਼ਾਸਤਰੀ ਸੰਗੀਤ ਪਰੰਪਰਾ ਦਾ ਪ੍ਰਮਾਣ ਹੈ।

**ਅਦੁੱਤੀ ਗੁਰਮਤਿ ਸੰਗੀਤ ਸੰਮੇਲਨ** ਪੁਸਤਕ ਦੀ ਰਚਨਾ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ, ਲੁਧਿਆਣਾ ਦੇ ਵਿਸਮਾਦ ਨਾਦ ਅਦਾਰੇ ਵਲੋਂ ਕੀਤੀ ਗਈ। ਹੱਥਲੀ ਪੁਸਤਕ ਦੇ ਆਰੰਭ ਵਿੱਚ ਅਦੁਤੀ ਗੁਰਮਤਿ ਸੰਗੀਤ ਸੰਮੇਲਨ : ਉਦੇਸ਼ ਅਤੇ ਮਹੱਤਵ ਨਾਮੀ ਲੇਖ ਰਾਹੀਂ ਗੁਰਮਤਿ ਸੰਗੀਤ ਦੇ ਮਹਾਨ ਪ੍ਰਚਾਰਕ ਸੰਤ ਬਾਬਾ ਸੁੱਚਾ ਸਿੰਘ ਨੇ ਗੁਰਮਤਿ ਸੰਗੀਤ ਸੰਮੇਲਨ ਦੇ ਉਦੇਸ਼ ਅਤੇ ਮਹੱਤਵ ਤੋਂ ਜਾਣੂੰ ਕਰਵਾਇਆ ਹੈ।

ਅਦੁੱਤੀ ਗੁਰਮਤਿ ਸੰਗੀਤ ਸੰਮੇਲਨ : ਸਿਮਰਤੀ ਗ੍ਰੰਥ ਪੁਸਤਕ ਗੁਰਮਤਿ ਸੰਗੀਤ ਦੀ ਮਹੱਤਵਪੂਰਨ ਹੈ ਜੋ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਟਕਸਾਲ ਲੁਧਿਆਣਾ ਵਿੱਖੇ ਗੁਰਮਤਿ ਸੰਗੀਤ ਸਬੰਧੀ ਲਏ ਗਏ ਨਿਰਣਿਆਂ ਦਾ ਕਲੱਮਬੱਧ ਰੂਪ ਹੈ। ਇਸ ਪੁਸਤਕ ਦੀ ਰਚਨਾ ਵਿੱਚ ਗੁਰਮਤਿ ਸੰਗੀਤ ਦੇ ਰਾਗਾਂ ਦਾ ਸਰੂਪ ਨਿਸ਼ਚਤ ਕਰਨ ਵਾਲੇ ਵਿਦਵਾਨ ਲੇਖਕਾਂ ਦਾ ਸਹਿਯੋਗ ਸਰਾਹੁਣਯੋਗ ਹੈ। ਪੁਸਤਕ ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਵੱਖ-ਵੱਖ ਲੇਖਕਾਂ ਦੁਆਰਾ ਪ੍ਰਗਟਾਏ ਗਏ ਵਿਚਾਰਾਂ ਨੂੰ ਕਲਮਬੱਧ ਕੀਤਾ ਗਿਆ ਹੈ। ਰਾਗ ਨਿਰਣਾਇਕ ਕਮੇਟੀ ਦੁਆਰਾ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਦਾ ਸੁਭਾਅ ਅਤੇ ਸਰੂਪ ਬਾਰੇ ਵਿਸਥਾਰ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਅਜਿਹੀਆਂ ਮਹੱਤਵਪੂਰਨ ਰਚਨਾਵਾਂ ਗੁਰਮਤਿ ਸੰਗੀਤ ਦੇ ਸੁਤੰਤਰ ਵਿਸ਼ੇ ਵਜੋਂ ਸਥਾਪਤੀ ਵਿੱਚ ਸਹਾਈ ਹੋਈਆਂ। ਪੁਸਤਕ ਵਿੱਚਲੀਆਂ ਰਾਗੀ ਰਬਾਬੀ ਕੀਰਤਨਕਾਰਾਂ ਦੀਆਂ ਤਸਵੀਰਾਂ ਅਤੇ ਸਬੰਧਤ ਜਾਣਕਾਰੀ ਇਸਨੂੰ ਹੋਰ ਵੀ ਲੋੜੀਂਦਾ ਬਣਾਉਂਦੀ ਹੈ।

ਆਦਿ ਗ੍ਰੰਥ ਰਾਗ ਕੋਸ਼ ਪੁਸਤਕ ਗੁਰਮਤਿ ਸੰਗੀਤ ਦੇ ਵਿਧੀਵੱਤ ਵਿਧਾਨ ਨਾਲ ਸਬੰਧਿਤ ਨਿਵੇਕਲਾ ਉਪਰਾਲਾ ਹੈ।ਲੇਖਕ ਨੇ ਗੁਰਮਤਿ ਸੰਗੀਤ ਨਾਲ ਸਬੰਧਿਤ ਮੁੱਢਲ਼ੀ ਵੱਡਮੁੱਲੀ ਜਾਣਕਾਰੀ ਦੇਣ ਦੇ ਨਾਲ-ਨਾਲ ਗੁਰਬਾਣੀ ਦੇ ਰਾਗਾਂ ਵਿੱਚ ਪ੍ਰਯੋਗ ਹੁੰਣ ਵਾਲੇ ਸਵਰ ਲਿਪੀ ਸੰਕੇਤਾਂ ਤੋਂ ਵੀ ਜਾਣੂੰ ਕਰਵਾਇਆ ਹੈ। ਲੇਖਕ ਨੇ ਰਾਗ ਸ਼੍ਰੀ, ਮਾਝ, ਗਉੜੀ, ਬੈਰਾਗਣਿ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਸੋਰਠਿ, ਆਸਾ, ਆਸਾ ਕਾਫੀ, ਆਸਾਵਰੀ, ਗੁਜਰੀ, ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਵਡਹੰਸ ਦੱਖਣੀ, ਸੋਰਠਿ, ਧਨਾਸਰੀ, ਜੈਤਸਰੀ, ਬੈਰਾੜੀ, ਬੈਰਾਗੀ, ਗੋਂਡ, ਬਿਲਾਵਲ ਗੋਂਡ, ਰਾਮਕਲੀ, ਰਾਮਕਲੀ ਦੱਖਣੀ, ਨਟ ਨਰਾਇਣ, ਨਟ, ਮਾਲੀ ਗਉੜਾ, ਮਾਰੂ, ਮਾਰੂ ਕਾਫੀ, ਮਾਰੂ ਦੱਖਣੀ, ਤੁਖਾਰੀ, ਕੇਦਾਰਾ, ਭੈਰਉ

ਬਸੰਤ, ਬਸੰਤ, ਹਿੰਡੋਲ, ਸਾਰੰਗ, ਮਲਾਰ, ਕਾਨੜਾ, ਕਲਿਆਣ, ਕਲਿਆਣ ਭੋਪਾਲੀ, ਪ੍ਰਭਾਤੀ, ਦੱਖਣੀ, ਪ੍ਰਭਾਤੀ ਵਿਭਾਸ, ਅਤੇ ਜੈਜਾਵੰਤੀ ਨੂੰ ਸਵਰਲਿਪੀਬੱਧ ਕਰਨ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਪ੍ਰਚਲਿਤ ਮੱਤ ਅਨੁਸਾਰ ਪ੍ਰਮੁੱਖ 31 ਰਾਗਾਂ ਅਧੀਨ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 29 ਰਾਗ ਹੋਰ ਵੀ ਅੰਕਿਤ ਹਨ। ਜਿਹੜੇ ਭਾਰਤੀ ਸੰਗੀਤ ਸ਼ਾਸਤਰ ਅਨੁਸਾਰ ਨਿਵੇਕਲੀ ਸੁਤੰਤਰ ਅਤੇ ਪਛਾਣਯੋਗ ਹੋਂਦ ਰੱਖਦੇ ਹਨ, ਦਾ ਸੰਪੂਰਨ ਵੇਰਵਾ (ਸਵਰਲਿਪੀ ਸਹਿਤ) ਇੱਕ ਪੁਸਤਕ ਨੂੰ ਹੋਰ ਵੀ ਮਹੱਤਵਪੂਰਨ ਬਣਾਉਣਾ ਹੈ।

ਆਦਿ ਗ੍ਰੰਥ ਰਾਗ ਕੋਸ਼ ਪੁਸਤਕ ਸਿਰਲੇਖ ਉਪਰ ਨਜ਼ਰ ਮਾਰੀਏ ਤਾਂ ਇਹ ਪੁਸਤਕ ਦੇ ਸਿਰਲੇਖ ਤੋਂ ਸਪਸ਼ਟ ਹੈ ਕਿ ਇਸ ਪੁਸਤਕ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚਲੀ ਸੰਪੂਰਨ ਰਾਗਾਤਮਕ ਸਮਗਰੀ ਦਾ ਵੇਰਵਾ ਮਿਲਦਾ ਹੈ।ਆਦਿ ਗ੍ਰੰਥ ਰਾਗ ਕੋਸ਼ ਪੁਸਤਕ ਨੂੰ ਗੁਰਮਤਿ ਸੰਗੀਤ ਸਬੰਧੀ ਵਿਧੀਵੱਤ ਅਤੇ ਵਿਗਿਆਨਿਕ ਜਾਣਕਾਰੀ ਲਈ ਇਕ ਸੰਦਰਭ ਗ੍ਰੰਥ ਦੇ ਰੂਪ ਵਿੱਚ ਪ੍ਰਸਤੁਤ ਕੀਤਾ ਗਿਆ ਹੈ। ਲੇਖਕ ਅਨੁਸਾਰ ਉਪਰੋਕਤ ਵਰਣਿਤ 29 ਰਾਗ ਪ੍ਰਕਾਰਾਂ ਵਿੱਚੋਂ 20 ਰਾਗ ਗੁਰਮਤਿ ਸੰਗੀਤ ਪੱਧਤੀ ਦੇ ਮੌਲਿਕ ਰਾਗ ਹਨ ਜਿਹੜੇ ਭਾਰਤੀ ਸੰਗੀਤ ਦੇ ਕਿਸੇ ਗ੍ਰੰਥ ਜਾਂ ਘਰਾਣੇਦਾਰ ਸੰਗੀਤਕਾਰਾਂ ਕੋਲੋਂ ਵੀ ਉਪਲੱਬਧ ਨਹੀਂ ਹੁੰਦੇ, ਅਜਿਹੇ ਰਾਗਾਂ ਦੇ ਸ਼ਬਦਾਂ ਨੂੰ ਸਵਰਲਿਪੀ ਕਰਨਾ ਲੇਖਕ ਦਾ ਮਹੱਤਵਪੂਰਨ ਅਤੇ ਸਰਾਹੁਣਯੋਗ ਉਪਰਾਲਾ ਹੈ।

**ਗੁਰਮਤਿ ਸੰਗੀਤ ਪਰਬੰਧ ਅਤੇ ਪਾਸਾਰ** ਪੁਸਤਕ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਰਾਹੀਂ 2000 ਵਿੱਚ ਕੀਤਾ ਗਿਆ । ਇਸ ਪੁਸਤਕ ਵਿੱਚ ਲੇਖਕ ਨੇ ਪ੍ਰਾਚੀਨ ਸੰਗੀਤ ਅਤੇ ਸੱਭਿਆਚਾਰ ਦੇ ਪੁਨਰ ਉਥਾਨ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਗੁਰਮਤਿ ਸੰਗੀਤ ਪਰਬੰਧ ਅਤੇ ਪਾਸਾਰ ਪੁਸਤਕ ਦੇ ਮੁੱਖ ਬੰਧ ਵਿੱਚ ਲੇਖਕ ਨੇ ਗੁਰਮਤਿ ਸੰਗੀਤ ਦੇ ਇਹਿਤਹਾਸਿਕ ਪਿਛੋਕੜ ਤੋਂ ਜਾਣੂ ਕਰਵਾਉਂਦੇ ਹੋਏ ਵੱਖ-ਵੱਖ ਸਮੇਂ ਗੁਰਮਤਿ ਸੰਗੀਤ ਉਪਰ ਹੋਰਨਾਂ ਗਾਇਨ ਸ਼ੈਲੀਆਂ ਦੇ ਪ੍ਰਭਾਵ ਤੋਂ ਜਾਣੂੰ ਕਰਵਾਇਆ ਹੈ। ਲੇਖਕ ਨੇ ਗੁਰਮਤਿ ਸੰਗੀਤ ਸਬੰਧੀ ਲਿਖਿਤ ਰੂਪ ਵਿੱਚ ਬੁਨਿਆਦੀ ਕਾਰਜ ਦਾ ਆਰੰਭ 20ਵੀ ਸਦੀ ਦੇ ਚੌਥੇ ਦਹਾਕੇ ਵਿੱਚ ਮੰਨਿਆ ਹੈ। ਇਸ ਪੁਸਤਕ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਇਹ ਵਿਸ਼ੇ ਸਿਧਾਂਤਿਕ, ਵਿਵਹਾਰਿਕ, ਇਤਿਹਾਸਕ ਦ੍ਰਿਸ਼ਟੀਕੋਣ ਦੇ ਧਾਰਨੀ ਹਨ। ਲੇਖਕ ਨੇ ਗੁਰਮਤਿ ਸੰਗੀਤ ਦੇ ਪ੍ਰਬੰਧ ਅਤੇ ਪਾਸਾਰ ਨੂੰ ਮੁੱਖ ਰੱਖਦੇ ਹੋਏ ਗੁਰਮਤਿ ਸੰਗੀਤ ਦੇ ਰਾਗ ਪ੍ਰਬੰਧ, ਗਾਇਨ ਰੂਪ ਪ੍ਰਮੁੱਖ ਸਾਜ, ਪ੍ਰਮੁੱਖ ਕੀਰਤਨਕਾਰ ਅਤੇ ਕੀਰਤਨ ਸ੍ਰੇਣੀਆਂ ਨਾਲ ਲਗਵੀਂ ਵੱਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਅਧਿਆਇ ਪਹਿਲਾ ਗੁਰਮਤਿ ਸੰਗੀਤ ਪਰਬੰਧ ਸਿਧਾਂਤਿਕ ਪਰਿਪੇਖ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਅਤੇ ਮੂਲ ਸਿਧਾਂਤ ਦੀ ਚਰਚਾ ਦੇ ਨਾਲ-ਨਾਲ ਗੁਰਮਤਿ ਸੰਗੀਤ ਪਰਬੰਧ, ਰਾਗ ਪ੍ਰਬੰਧ, ਗਾਇਨ ਰੂਪ (ਅੰਕ, ਰਹਾਉ, ਘਰਿ ਜਾਤਿ, ਧੁਨੀ) ਅਤੇ ਗੁਰਮਤਿ ਸੰਗੀਤ ਸ਼ਬਦ ਗਾਇਨ ਪ੍ਰਕਿਆ ਤੋਂ ਜਾਣੂੰ ਕਰਵਾਇਆ ਗਿਆ ਹੈ। ਅਧਿਆਇ ਦੂਜਾ ਵਿੱਚ ਗੁਰਮਤਿ ਸੰਗੀਤ ਦੇ ਇਤਿਹਾਸਿਕ ਪਰਿਪੇਖ ਤੋਂ ਜਾਣੂ ਕਰਵਾਉਂਦੇ ਹੋਏ ਵੈਦਿਕ ਕਾਲ, ਉਪਨਿਸ਼ਦ, ਰਮਾਇਣ ਅਤੇ ਮਹਾਂਭਾਰਤ ਕਾਲ, ਜੈਨ ਅਤੇ ਬੁੱਧ ਧਰਮ ਵਿੱਚ ਸੰਗੀਤ, ਸਿੱਧ ਅਤੇ ਨਾਥ ਪਰੰਪਰਾ, ਵੈਸ਼ਣਵ ਮਤ, ਸੋਮਵਤ ਸੰਗੀਤ, ਸੂਫੀ ਪਰੰਪਰਾ ਵਿੱਚ ਸੰਗੀਤ, ਭਗਤੀ ਲਹਿਰ, ਵੱਲਭ ਸੰਪਰਦਾਇ, ਸਿੱਖ ਧਰਮ ਅਤੇ ਸੰਗੀਤ, ਗੁਰਮਤਿ ਸੰਗੀਤ ਦੀ ਉਤਪਤੀ ਅਤੇ ਵਿਕਾਸ ਵਿੱਚ ਗੁਰੂ ਸਾਹਿਬਾਨਾਂ ਦੇ ਯੋਗਦਾਨ ਦੀ ਚਰਚਾ ਕੀਤੀ ਗਈ ਹੈ। ਅਧਿਆਇ ਤੀਜਾ ਵਿੱਚ ਸ਼ਬਦ-ਕੀਰਤਨ ਅਤੇ ਕੀਰਤਨ ਚੌਂਕੀਆਂ ਦੇ ਨਾਲ-ਨਾਲ ਮਾਨਵੀ ਸੰਸਕਾਰਾਂ ਨਾਲ ਸਬੰਧਿਤ ਜਨਮ, ਮਰਨ, ਕੁੜਮਾਈ, ਮਿਲਣੀ ਸਮੇਂ ਦੀ ਕੀਰਤਨ ਪਰੰਪਰਾ, ਆਨੰਦ ਕਾਰਜ ਕੀਰਤਨ ਪਰੰਪਰਾ, ਮੌਤ, ਰੁੱਤਾਂ, ਗੁਰਮਤਿ ਸੰਗੀਤ ਦਾ ਲੋਕ ਗਾਇਨ ਪ੍ਰਵਾਹ ਆਦਿ ਵਿੱਚ ਕੀਰਤਨ ਪਰੰਪਰਾ ਦੀ ਜਾਣ-ਪਹਿਚਾਣ ਕਰਵਾਈ ਹੈ ।ਅਧਿਆਇ ਚੌਥਾ ਵਿੱਚ ਭਾਰਤੀ ਸੰਗੀਤ ਦੇ ਸਿਧਾਂਤ ਅਨੁਸਾਰ ਰਾਗ ਵਰਗੀਕਰਣ, ਗੁਰਮਤਿ ਸੰਗੀਤ ਦਾ ਸਿਧਾਂਤਿਕ ਪਰਿਪੇਖ, ਸ਼ੁੱਧ, ਛਾਇਆਲਗ, ਸੰਕੀਰਣ, ਸਨਾਤਨੀ, ਦੇਸੀ ਅਤੇ ਮੌਸਮੀ ਰਾਗਾਂ ਦਾ ਵਰਨਣ ਹੈ। ਰਾਗ ਧਿਆਨ ਅਨੁਸਾਰ ਹਰ ਇੱਕ ਰਾਗ ਦਾ ਰਾਗ ਪਰਿਚੈ, ਸ੍ਰੀ ਦਸਮ ਗ੍ਰੰਥ ਵਿੱਚ ਪ੍ਰਯੁਕਤ ਰਾਗ ਸ੍ਰੀ ਸਰਬਲੋਹ ਗ੍ਰੰਥ ਵਿੱਚ ਪ੍ਰਯੁਕਤ ਰਾਗਾਂ ਦਾ ਵੇਰਵਾ ਦਿੱਤਾ ਗਿਆ ਹੈ। ਅਧਿਆਇ ਪੰਜਵਾਂ ਵਿੱਚ ਗੁਰਮਤਿ ਸੰਗੀਤ ਦੇ ਸਾਸਤਰੀ ਅੰਗ ਦੇ ਗਾਇਨ ਰੂਪਾਂ, ਅਸਟਪਦੀ, ਹੌਲੀ, ਪੜਤਾਲ

ਅਤੇ ਲੋਕ ਗਾਇਨ ਰੂਪ (ਛੰਤ, ਅਲਾਹੁਣੀ, ਮੁੰਦਾਵਣੀ, ਘੋੜੀਆਂ, ਅੰਜੁਲੀ, ਵਾਰ ਆਦਿ ਸਬੰਧੀ ਵਿਸਤਾਰਪੂਰਵਕ ਸਪਸ਼ਟੀਕਰਨ ਦਿਤਾ ਹੈ। ਅਧਿਆਇ ਛੇਵਾਂ ਵਿੱਚ ਗੁਰਮਤਿ ਸੰਗੀਤ ਦੇ ਪ੍ਰਮੁੱਖ ਸਾਜਾਂ (ਰਬਾਬ, ਸਰੰਦਾ, ਤਾਊਸ ਇਸਰਾਜ, ਦਿਲਰੁਬਾ, ਤਾਨਪੁਰਾ, ਤਬਲਾ, ਮਿਰਦੰਗ, ਢੋਲਕ, ਚਿਮਟਾ, ਖੜਤਾਲ, ਹਾਰਮੋਨੀਅਮ )ਦੀ ਮਹੱਤਵਪੁਰਨ ਜਾਣਕਾਰੀ ਦਿੱਤੀ ਹੈ। ਅਧਿਆਇ ਸੱਤਵਾਂ ਵਿੱਚ ਗੁਰਮਤਿ ਸੰਗੀਤ ਦੇ ਪ੍ਰਮੁੱਖ ਸਿੱਖਿਆ ਕੇਂਦਰਾਂ ਅਤੇ ਟਕਸਾਲਾਂ ਕੀਰਤਨ ਸੰਸਥਾਵਾਂ (ਦਮਦਮਾ ਸਾਹਿਬ ਕੀ ਟਕਸਾਲ) ਬੁੱਢਾ ਜੋੜ ਟਕਸਾਲ, ਮਸਤੂਆਣਾ ਟਕਸਾਲ, ਸੇਵਾ ਪੰਥੀ ਟਕਸਾਲ, ਤਰਨਤਾਰਨ ਟਕਸਾਲ, ਡੁਮੇਲੀ ਕੀ ਟਕਸਾਲ, ਸਿੱਖ ਮਿਸ਼ਨਰੀ ਕਾਲਜ, ਕਲੇਰਾਂ ਵਾਲੀ ਟਕਸਾਲ, ਰਕਾਬਗੰਜ ਟਕਸਾਲ, ਸੂਰਮਾ ਆਸ਼ਰਮ, ਜਵੱਦੀ ਕਲਾਂ ਟਕਸਾਲ ਆਦਿ ਦੇ ਇਤਿਹਾਸਿਕ ਵਿਕਾਸ ਅਤੇ ਸੰਗੀਤਕ ਦੇਣ ਤੋਂ ਜਾਣੂੰ ਕਰਵਾਇਆ ਹੈ। ਅਧਿਆਇ ਅੱਠਵਾਂ ਵਿੱਚ ਗੁਰਮਤਿ ਸੰਗੀਤ ਦੇ ਪ੍ਰਮੁੱਖ ਕੀਰਤਨਕਾਰਾਂ ਭਾਈ ਮਰਦਾਨਾ, ਭਾਈ ਸ਼ਹਿਜਾਦ, ਭਾਈ ਸਾਦੂ ਬਾਦੂ, ਭਾਈ ਦੀਪ, ਭਾਈ ਪਾਥਾਂ, ਭਾਈ ਬੂਲਾ, ਭਾਈ ਸੱਤਾ ਅਤੇ ਬਲਵੰਡ, ਭਾਈ ਬਾਬਕ, ਭਾਈ ਅਬਦੁੱਲਾ, ਮਸੰਦ ਗੁਰਬਖਸ਼, ਬਾਬਾ ਸਾਮ ਸਿੰਘ ਜੀ, ਭਾਈ ਸੰਤਾ ਸਿੰਘ, ਭਾਈ ਹੀਰਾ ਸਿੰਘ, ਮਹੰਤਾ ਗੱਜਾ ਸਿੰਘ, ਭਾਈ ਚਾਂਦ, ਭਾਈ ਜਵਾਲਾ ਜੀ, ਭਾਈ ਸਮੁੰਦ ਸਿੰਘ ਜੀ, ਭਾਈ ਗਿਆਨ ਸਿੰਘ ਐਬਟਾਬਾਦ, ਸੰਤ ਸਰਵਣ ਸਿੰਘ ਗੰਧਰਵ, ਭਾਈ ਅਵਤਾਰ ਸਿੰਘ ਅਤੇ ਗੁਰਬਚਨ ਸਿੰਘ, ਪ੍ਰੋ: ਤਾਰਾ ਸਿੰਘ ਆਦਿ ਮਹਾਨ ਕੀਰਤਨਕਾਰਾਂ ਦੇ ਜੀਵਨ ਉੱਪਰ ਪੰਛੀ ਝਾਤ ਪਾਈ ਹੈ। ਨੌਵੇਂ ਭਾਗ ਵਿੱਚ ਗੁਰਮਤਿ ਸੰਗੀਤ ਦੇ ਸੁਰਲਿਪੀਬੱਧਕਾਰਾਂ ਭਾਈ ਪ੍ਰੇਮ ਸਿੰਘ ਰਾਗੀ, ਮਾਸਟਰ ਸੁੰਦਰ ਸਿੰਘ, ਮਾਸਟਰ ਮੋਹਨ ਸਿੰਘ, ਸ੍ਰ: ਗਿਆਨ ਸਿੰਘ ਐਬਟਾਬਾਦ, ਭਾਈ ਅਵਤਾਰ ਸਿੰਘ, ਗੁਰਬਚਨ ਸਿੰਘ, ਪ੍ਰੋ: ਤਾਰਾ ਸਿੰਘ, ਉਸਤਾਦ ਜਸਵੰਤ ਸਿੰਘ ਭੰਵਰਾ, ਪ੍ਰਿੰਸੀਪਲ ਦਿਆਲ ਸਿੰਘ ਆਦਿ ਤੋਂ ਇਲਾਵਾ ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ ਦੇ ਸੁਰਲਿਪੀਕਾਰਾਂ ਤੋਂ ਜਾਣੂ ਕਰਵਾਇਆ ਹੈ। ਪੁਸਤਕ ਵਿੱਚ ਬਹੁਤ ਸਾਰੇ ਸ਼ਬਦਾਂ ਨੂੰ ਮੰਗਲਾਚਰਣ ਅਤੇ ਆਨੰਦ ਸਾਹਿਤ ਰਾਗਾਂ ਦੀਆਂ ਸਵਰ ਲਿੱਪੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਇਸ ਪੁਸਤਕ ਵਿੱਚ ਗੁਰਮਤਿ ਸੰਗੀਤ ਦੇ ਹਰ ਇੱਕ ਪੱਖ ਤੋਂ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਇਹ ਪੁਸਤਕ ਗੁਰਮਤਿ ਸੰਗੀਤ ਦੇ ਹਰ ਵਿਸ਼ੇ ਨਾਲ ਸਬੰਧਿਤ ਇੱਕ ਪੂਰਨ ਪੁਸਤਕ ਹੈ। ਇਸ ਪੁਸਤਕ ਵਿੱਚ ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸੰਗੀਤ ਦੇ ਅਣਗੌਲਿਆਂ ਵਿਸ਼ਿਆਂ ਉੱਪਰ ਵੀ ਚਰਚਾ ਕੀਤੀ ਗਈ ਹੈ। ਗੁਰਮਤਿ ਸੰਗੀਤ ਪ੍ਰਬੰਧ ਅਤੇ ਪਾਸਾਰ ਪੁਸਤਕ ਨੰ ਵਿਵੇਚਨਾਤਮਕ ਅਧਿਐਨ ਤੋਂ ਬਾਅਦ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਪੁਸਤਕ ਦੀ ਰਚਨਾ ਕਰਦੇ ਸਮੇਂ ਲੇਖਕ ਨੇ ਵਿਦਵਾਨੀ ਭਾਸ਼ਾ ਦੀ ਵਰਤੋਂ ਕੀਤੀ ਜਿਸਨੂੰ ਵਿਦਵਾਨ ਲੋਕ ਤਾਂ ਬਹੁਤ ਅਸਾਨੀ ਨਾਲ ਸਮਝ ਸਕਦੇ ਹਨ ਪਰੰਤੂ ਇੱਕ ਆਮ ਵਿਅਕਤੀ ਲਈ ਸੁਖਾਲਾ ਨਹੀਂ ਹੈ। ਇਸ ਪੁਸਤਕ ਦੀ ਵਿਸ਼ੇਸ਼ਤਾ ਵੀ ਹੈ ਅਤੇ ਆਲੋਚਨਾ ਵੀ। ਗੁਰਮਤਿ ਸੰਗੀਤ ਦਾ ਸਮੁੱਚਾ ਪ੍ਰਬੰਧ ਅਤੇ ਪਾਸਾਰ ਕਾਰਨ ਇਹ ਪੁਸਤਕ ਆਪਣੇ ਸਿਰਲੇਖ ਨਾਲ ਨਿਆਂ ਕਰਦੀ ਹੈ।

ਗੁਰ ਸ਼ਬਦ ਰਾਗ ਰਤਨਾਕਰ ਪੁਸਤਕ ਦੇ ਰਚਨਹਾਰ ਡਾ. ਗੁਰਨਾਮ ਸਿੰਘ ਆਰੰਭ ਤੋਂ ਹੀ ਗੁਰਮਤਿ ਸੰਗੀਤ ਪਰੰਪਰਾ ਦੇ ਵਿਕਾਸ ਵਿਚ ਤੱਤਪਰ ਹਨ। ਆਪ ਨੇ ਆਪਣੇ ਉਸਤਾਦ ਪ੍ਰੋਫੈਸਰ ਤਾਰਾ ਸਿੰਘ ਹੁਰਾਂ ਨਾਲ ਮਿਲ ਕੇ ਗੁਰੂ ਗ੍ਰੰਥ ਸਾਹਿਬ ਵਿਚਲੀ ਰਾਗਾਤਮਕ ਬਾਣੀ ਨੂੰ ਲਿਪੀਬੱਧ ਕਰਨ ਦਾ ਜੋ ਉਪਰਾਲਾ ਉਲੀਕਿਆ ਉਹ ਸ਼ਲਾਘਾਯੋਗ ਹੈ। ਇਹ ਪੁਸਤਕ ਵੀ ਉਸ ਉਪਰਾਲੇ ਦੇ ਮੂਲ ਅੰਸ਼ ਵਜੋਂ ਪ੍ਰਕਾਸ਼ਿਤ ਹੋਈ ਹੱਥਲੀ ਪੁਸਤਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਮੁਖ 31 ਰਾਗਾਂ ਦੇ ਵੇਰਵੇ ਅਤੇ ਬੰਦਸ਼ਾਂ ਦਾ ਸੰਗ੍ਰਹਿ ਹੈ। ਲੇਖਕ ਨੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ 31 ਰਾਗਾਂ ਰਾਗ ਸ਼੍ਰੀ, ਮਾਝ, ਗਉੜੀ, ਆਸਾ, ਗੁਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ ਤਿਲੰਗ, ਬਿਲਾਵਲ, ਗੋਂਡ, ਰਾਮਕਲੀ, ਨਟ, ਨਟਾਇਣ, ਮਾਲੀ, ਗਉੜਾ, ਮਾਰੂ, ਤੁਖਾਰੀ, ਕੁੰਦਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜ੍ਹਾ, ਕਲਿਆਣ, ਪ੍ਰਭਾਤੀ ਅਤੇ ਜੈਜਾਵੰਤੀ ਦੇ ਚੋਣਵੇਂ ਸ਼ਬਦਾਂ ਨੂੰ ਲਿਪੀਬੱਧ ਕੀਤਾ ਗਿਆ ਹੈ।

ਗੁਰ ਸ਼ਬਦ ਰਤਨਾਕਰ ਪੁਸਤਕ ਦਾ ਮੂਲ ਮਨੋਰਥ ਸਰੋਤਿਆਂ ਨੂੰ ਰਾਗਦਾਰੀ ਸੰਗੀਤ ਵੱਲ ਆਕਰਸ਼ਿਤ

ਕਰਨ ਦਾ ਯਤਨ ਕਰਨਾ ਹੈ। ਇਸ ਕਾਰਜ ਵਿੱਚ ਪੁਰਾਤਨਤਾ ਅਤੇ ਨਵੀਨਤਾ ਦੇ ਸੁਮੇਲ ਵੱਲੋਂ ਚਾਰ ਤਾਲ ਅਤੇ ਇੱਕ ਤਾਲ ਵਿਚ ਧਰੁਪਦ ਅਤੇ ਖਿਆਲ ਗਾਇਕੀ ਨੂੰ ਸਾਂਝੇ ਅਰਥਾਂ ਵਿਚ ਨਵੀਨ ਪੀੜ੍ਹੀ ਸਾਹਮਣੇ ਲਿਆਉਣ ਦਾ ਯਤਨ ਹੈ। ਇਸ ਤੋਂ ਵਿਦਿਆਰਥੀ ਸਹਿਜੇ ਹੀ ਲਾਭ ਪ੍ਰਾਪਤ ਕਰ ਸਕਦਾ ਹੈ। ਗੁਰਮਤਿ ਸੰਗੀਤ ਦੇ ਸਿਧਾਂਤ ਨੂੰ ਧਿਆਨ ਵਿਚ ਰੱਖਦੇ ਹੋਏ 'ਰਹਾਉ' ਵਾਲੀ ਪੰਕਤੀ ਨੂੰ ਸਥਾਈ ਬਣਾਕੇ ਹਰ ਸ਼ਬਦ ਨੂੰ ਲਿਪੀਬੱਧ ਕੀਤਾ ਗਿਆ ਹੈ ਜਿਸ ਤੋਂ ਲੇਖਕ ਦੇ ਸੰਗੀਤ ਦੀ ਸੂਝ-ਬੂਝ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਗੁਰੂ ਅਰਜਨ ਬਾਣੀ ਰਾਗ ਰਤਨਾਕਰ ਪੁਸਤਕ ਗੁਰਮਤਿ ਪ੍ਰਕਾਸ਼ਨ, ਪਟਿਆਲਾ ਪਾਸੋਂ 2012 ਵਿੱਚ ਕਰਵਾਇਆ। ਲੇਖਕ ਨੇ ਹੱਥਲੀ ਪੁਸਤਕ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਬਾਣੀ ਨੂੰ ਸਵਰਲਿਪੀਬੱਧ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਸੰਗੀਤ ਪਰੰਪਰਾ ਦੇ ਸਿਧਾਂਤਿਕ ਅਤੇ ਵਿਵਹਾਰਿਕ ਪੱਖਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮੁੱਖ 30 ਰਾਗਾਂ ਅਤੇ 14 ਪ੍ਰਕਾਰਾਂ ਵਿੱਚ ਬਾਣੀ ਦੀ ਰਚਨਾ ਕੀਤੀ । ਲੇਖਕ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚੀ ਬਾਣੀ ਵਿੱਚ ਵੱਖ-ਵੱਖ ਰਾਗਾਂ ਦੇ 46 ਸ਼ਬਦਾਂ ਨੂੰ ਸਵਰਬੱਧ ਕੀਤਾ ਹੈ। ਲੇਖਕ ਨੇ ਗੁਰੂ ਅਰਜਨ ਦੇਵ ਜੀ ਦੁਆਰਾ ਪ੍ਰਯੋਗ ਕੀਤੇ ਰਾਗ ਸਿਰੀ, ਮਾਝ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ ਕਾਫੀ, ਆਸਾਵਰੀ, ਗੁਜਰੀ, ਦੇਵਗੰਧਾਰੀ, ਦੇਵਗੰਧਾਰ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾਗੀ, ਤਿਲੰਗ, ਸੂਹੀ, ਕਾਫੀ ਬਿਲਾਵਲ, ਬਿਲਾਵਲ ਮੰਗਲ, ਗੋਂਡ, ਰਾਮਕਲੀ, ਨਟ ਨਰਾਇਣ, ਨਟ, ਮਾਲੀ ਗਉੜਾ, ਮਾਰੂ, ਤੁਖਾਰੀ, ਕੇਦਰਾ, ਭੈਰਉ, ਬਸੰਤ, ਬਸੰਤ, ਹਿੰਡੋਲ, ਸਾਰੰਗ, ਮਲਹਾਰ, ਕਾਨੜਾ, ਕਲਿਆਣ ਪ੍ਰਭਾਤੀ, ਪ੍ਰਭਾਤੀ ਬਿਭਾਸ ਅਤੇ ਬਿਭਾਸ ਪ੍ਰਭਾਤੀ ਵਿੱਚ ਸ਼ਬਦਾਂ ਨੂੰ ਵੱਖ-ਵੱਖ ਤਾਲਾਂ ਵਿਚ ਲਿਪੀਬਧ ਕਰਨ ਦਾ ਯਤਨ ਕੀਤਾ ਹੈ।

ਲੇਖਕ ਨੇ ਪੁਸਤਕ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸਮੁੱਚੀ ਬਾਣੀ ਨੂੰ ਅਧਾਰ ਨਹੀਂ ਬਣਾਇਆ ਸਗੋਂ ਚੁਣਵੇਂ ਸ਼ਬਦਾਂ ਦੀਆਂ ਰੀਤਾਂ ਨੂੰ ਲਿਪੀਬੱਧ ਕੀਤਾ ਹੈ। ਪੁਸਤਕ ਦੀ ਅਰੰਭਤਾ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਗਏ ਸੰਗੀਤਕ ਵਿਕਾਸ ਤੋਂ ਵੀ ਜਾਣੂ ਕਰਵਾਇਆ ਗਿਆ ਹੈ। ਪੁਸਤਕ ਵਿੱਚ ਪ੍ਰਕਾਸ਼ਿਤ ਬੰਦਸ਼ਾਂ ਸੁਖਾਲੀਆਂ ਅਤੇ ਸਮਝਣਯੋਗ ਹਨ ਜਿਹਨਾਂ ਨੂੰ ਸਮਝਕੇ ਸੰਗੀਤ ਦਾ ਵਿਦਿਆਰਥੀ ਲਾਹਾ ਲੈ ਸਕਦਾ ਹੈ। ਇਹ ਪੁਸਤਕ ਸੰਗੀਤ ਦੇ ਪਾਠਕਾਂ ਲਈ ਮਹੱਤਵਪੂਰਨ ਸਾਬਿਤ ਹੋਵੇਗੀ। ਵਰਤਮਾਨ ਸਮੇਂ ਅਜਿਹੇ ਕਾਰਜ ਅਤੀ ਲੋੜੀਦੇ ਹਨ

**ਗੁਰਮਤਿ ਸੰਗੀਤ ਵਿਭਿੰਨ ਪਰਿਪੇਖ** ਪੁਸਤਕ ਯੂ.ਜੀ. ਸੀ. ਰਾਹੀਂ ਕਰਵਾਏ ਗਏ ਸੈਮੀਨਾਰ ਦੀ ਰਿਪੋਰਟ ਦੇ ਰੂਪ ਵਿੱਚ ਪ੍ਰਕਾਸ਼ਿਤ ਹੋਈ ਹੈ ਜਿਸਨੂੰ ਇਸ ਸੰਪਾਦਿਤ ਕਰਨ ਦਾ ਸਿਹਰਾ ਡਾ. ਗੁਰਨਾਮ ਸਿੰਘ ਹੁਰਾਂ ਨੂੰ ਜਾਂਦਾ ਹੈ।

ਇਹ ਪੁਸਤਕ ਕਿਸੇ ਲੇਖਕ ਦੀ ਨਿੱਜੀ ਰਚਨਾ ਨਹੀਂ ਹੈ। ਇਹ ਪੁਸਤਕ ਸੈਮੀਨਾਰ ਵਿੱਚ ਵੱਖ-ਵੱਖ ਲੇਖਕਾਂ ਦੁਆਰਾ ਪ੍ਰਗਟਾਏ ਵਿਚਾਰਾਂ ਦਾ ਪ੍ਰਕਾਸ਼ਿਤ ਸੰਗ੍ਰਹਿ ਹੈ। ਸੈਮੀਨਾਰ ਵਿੱਚ ਗੁਰਮਤਿ ਸੰਗੀਤ ਨਾਲ ਸਬੰਧਿਤ ਸਿਧਾਂਤਿਕ ਅਤੇ ਵਿਵਹਾਰਿਕ ਪ੍ਰਸਤੁਤੀਆਂ ਹੋਈਆਂ ਜਿਸ ਵਿੱਚ ਭਾਰਤੀ ਸੰਗੀਤ ਦੇ ਉੱਘੇ ਸ਼ਾਸਤਰੀਆਂ ਅਤੇ ਅਤੇ ਗੁਰਮਤਿ ਸੰਗੀਤ ਦੇ ਮਹਾਨ ਵਿਦਵਾਨਾਂ ਨੇ ਸ਼ਿਰਕਤ ਕੀਤੀ। ਪੁਸਤਕ ਨੂੰ ਸਿਧਾਂਤਿਕ ਅਤੇ ਵਿਵਹਾਰਿਕ ਭਾਗਾਂ ਵਿੱਚ ਵੰਡਿਆ ਗਿਆ ਹੈ। ਆਰੰਭ ਵਿੱਚ ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ । ਸਿਧਾਂਤਿਕ ਪੱਖ ਵਿੱਚ ਡਾ: ਅਜੀਤ ਸਿੰਘ ਪੈਂਤਲ ਨੇ ਗੁਰਮਤਿ ਸੰਗੀਤ ਵਿੱਚ ਰਾਗ, ਸਾਜ ਅਤੇ ਤਾਲ ਦੀ ਮਹੱਤਤਾ ਤੋਂ ਜਾਣੂੰ ਕਰਵਾਇਆ ਹੈ। ਅਗਲੇਰੇ ਭਾਗ ਵਿੱਚ ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਦੇ ਸ਼ਾਸਤਰ ਅਤੇ ਵਿਵਹਾਰਕ ਪੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਰਾਗ ਪ੍ਰਬੰਧ, ਗੁਰਮਤਿ ਸੰਗੀਤ ਦੇ ਪ੍ਰਮੁੱਖ ਲਛਣ ਅਤੇ ਗੁਰਮਤਿ ਸੰਗੀਤ ਦੀ ਸਿਖਿਆ ਸਬੰਧੀ ਮੁੱਖ ਨੁਕਤਿਆਂ ਨੂੰ ਸੰਗੀਤ ਪ੍ਰੇਮੀਆਂ ਅਤੇ ਸਿਖਿਅਕਾਂ ਨਾਲ ਸਾਂਝੇ ਕੀਤਾ ਹੈ। ਸੁਰਿੰਦਰ ਸਿੰਘ

'ਸਿੰਘ ਬੰਧੂ' ਦੁਆਰਾ ਪ੍ਰਧਾਨਗੀ ਭਾਸ਼ਣ ਦੇ ਰੂਪ ਵਿੱਚ ਗੁਰਮਤਿ ਸੰਗੀਤ ਸਬੰਧੀ ਮਹੱਤਵਪੂਰਨ ਸੁਝਾਅ ਦਿੱਤੇ ਗਏ ਹਨ। ਇਸ ਪੁਸਤਕ ਦੇ ਸਿਧਾਂਤਿਕ ਪੱਖ ਵਿੱਚ ਕੀਰਤਨ ਵਿਰਸਾ, ਵਰਤਮਾਨ ਕੀਰਤਨ ਪ੍ਰੰਪਰਾ ਅਤੇ ਕੀਰਤਨੀਆਂ ਦਾ ਪਿਛੋਕੜ ਨਾਲ ਲਗਵੀਂ ਮਹੱਤਵਪੂਰਨ ਜਾਣਕਾਰੀ ਪ੍ਰਕਾਸ਼ਿਤ ਕੀਤੀ ਗਈ ਹੈ। ਡਾ. ਦਰਸ਼ਨ ਸਿੰਘ ਨਰੂਲਾ ਨੇ ਗੁਰਮਤਿ ਸੰਗੀਤ ਦੇ ਇਤਿਹਾਸਿਕ ਵਿਕਾਸ ਨਾਮੀ ਖੋਜ ਪੱਤਰ ਰਾਹੀਂ ਆਪਣੇ ਵੱਡਮੁੱਲੇ ਵਿਚਾਰ ਪੇਸ਼ ਕੀਤੇ ਹਨ। ਸੈਮੀਨਾਰ ਵਿੱਚ ਬਾਬਾ ਫਰੀਦ, ਭਗਤ ਕਬੀਰ, ਤ੍ਰਿਲੋਚਨ, ਨਾਮਦੇਵ, ਸਧਨਾ ਭਗਤ, ਰਵੀਦਾਸ, ਸ੍ਰੀ ਰਾਮਾਨੰਦ, ਭਗਤ ਪੀਪਾ, ਧੰਨਾ ਭਗਤ, ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਹਿਬਾਨ ਦੀ ਬਾਣੀ, ਆਦਿ ਗ੍ਰੰਥ, ਦਸਮ ਗ੍ਰੰਥ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਨੂੰ ਸੰਗੀਤਕ ਦ੍ਰਿਸ਼ਟੀਕੋਣ ਤੋਂ ਇਸੇ ਲੜੀ ਵਿੱਚ ਪਰੋਇਆ ਹੈ। ਪ੍ਰੋ: ਨਰੂਲਾ ਨੇ ਪ੍ਰਮੁੱਖ ਗੁਰਬਾਣੀ ਕੀਰਤਨਕਾਰਾਂ ਜਿਵੇਂ ਭਾਈ ਮਰਦਾਨਾ, ਭਾਈ ਮਨਸਾ ਸਿੰਘ, ਭਾਈ ਚਾਂਦ, ਭਾਈ ਮੋਤੀ, ਭਾਈ ਲਾਲ ਅੰਮ੍ਰਿਤਸਰੀ ਆਦਿ ਦੀ ਸੰਗੀਤਕ ਦੇਣ ਤੋਂ ਜਾਣੂੰ ਕਰਵਾਇਆ ਹੈ। ਪ੍ਰਿੰਸੀਪਲ ਸਤਬੀਰ ਸਿੰਘ ਨੇ 'ਰਤਨ ਰਸਨਾ ਆਲਾਪ' ਨਾਮਕ ਵਿਸ਼ੇ ਉਪਰ ਗੁਰਮਤਿ ਸੰਗੀਤ ਸਬੰਧੀ ਮਹੱਤਵਪੂਰਨ ਤੱਥ ਪੇਸ਼ ਕੀਤੇ ਹਨ। ਪ੍ਰਿੰਸੀਪਲ ਸਾਹਿਬ ਨੇ ਗੁਰਬਾਣੀ ਕੀਰਤਨ ਨੂੰ ਦੱਸੇ ਹੋਏ ਰਾਗਾਂ ਦੇ ਚਾਰ ਅੰਗਾਂ ਤਹਿਤ ਕੀਰਤਨ ਕਰਨ ਦੀ ਅਪੀਲ ਕੀਤੀ। ਕੁਲਵੰਤ ਸਿੰਘ ਗਰੇਵਾਲ ਨੇ ਗੁਰਮਤਿ ਸੰਗੀਤ ਦੇ ਸੋਂਦਰਯ ਬੋਧ ਨਾਮਕ ਵਿਸ਼ੇ ਉਪਰ ਆਪਣੇ ਵੱਡਮੁਲੇ ਵਿਚਾਰ ਪ੍ਰਗਟਾਏ ਹਨ। ਵਿਵਹਾਰਿਕ ਸ਼ੈਸ਼ਨ ਉਪਰ ਨਜਰ ਮਾਈਏ ਤਾਂ ਇਹ ਸ਼ੈਸ਼ਨ ਗਾਇਨ ਤੇ ਅਧਾਰਿਤ ਰਿਹਾ ਹੈ। ਇਸ ਸ਼ੈਸ਼ਨ ਵਿੱਚ ਵਿਦਿਆਰਥੀਆਂ ਦੇ ਗਾਇਨ ਤੋਂ ਬਾਅਦ ਡਾ. ਹਰਜਸ ਕੌਰ, ਡਾ. ਜਸਬੀਰ ਕੌਰ, ਸ਼ਮਸ਼ਾਦ ਅਲੀ, ਹਰਿੰਦਰ ਕੌਰ, ਬਚਿੱਤਰ ਸਿੰਘ, ਡਾ. ਨਿਵੇਦਿਤਾ ਉੱਪਲ, ਪ੍ਰੋ. ਰਣਜੀਤ ਸਿੰਘ, ਡਾ. ਰਣਜੀਤ ਸਿੰਘ, ਡਾ. ਦਰਸ਼ਨ ਸਿੰਘ ਨਰੂਲਾ ਅਤੇ ਡਾ. ਗੁਰਨਾਮ ਸਿੰਘ ਦੁਆਰਾ ਗਾਇਨ ਕੀਤੀਆਂ ਗੁਰਮਤਿ ਸੰਗੀਤ ਦੀਆਂ ਬੰਦਿਸ਼ਾਂ ਪ੍ਰਸਤੁਤ ਹਨ। ਅੰਤ ਵਿੱਚ ਡਾ. ਗੁਰਨਾਮ ਸਿੰਘ ਨੇ ਗੁਰਮਤਿ ਸੰਗੀਤ ਦਾ ਸਿੱਖ ਸੰਗੀਤ ਵਿੱਚ ਮਹੱਤਵ ਅਤੇ ਗੁਰਮਤਿ ਸੰਗੀਤ ਸਮਰਥਾਵਾਂ ਅਤੇ ਸੰਭਾਵਨਾਵਾਂ ਬਾਰੇ ਸਮਾਪਨ ਰੂਪ ਵਿੱਚ ਆਪਣੇ ਵਿਚਾਰਾਂ ਦਾ ਪ੍ਰਗਟਾਅ ਕੀਤਾ ਹੈ।

ਗੁਰਮਤਿ ਸੰਗੀਤ ਵਿਭਿੰਨ ਪਰਿਪੇਖ ਪੁਸਤਕ ਯੂ.ਜੀ.ਸੀ ਵਲੋਂ ਕਰਵਾਏ ਗਏ ਸਾਲਾਨਾ ਸੈਮੀਨਾਰ ਵਿੱਚ ਸੰਗੀਤ ਦੇ ਉੱਘੇ ਵਿਦਵਾਨਾਂ, ਅਨੁਭਵੀ ਚਿੰਤਕਾਂ ਅਤੇ ਸੰਗੀਤ ਸ਼ਾਸਤਰੀਆਂ ਦੁਆਰਾ ਗੁਰਮਤਿ ਸੰਗੀਤ ਦੇ ਵਿਭਿੰਨ ਵਿਸ਼ਿਆਂ ਉੱਪਰ ਪ੍ਰਗਟਾਏ ਵਿਚਾਰਾਂ ਦਾ ਸੰਗ੍ਰਹਿ ਹੈ ਜਿਸ ਤੋਂ ਗੁਰਬਾਣੀ ਸੰਗੀਤ ਦੇ ਅਣਮੁੱਲੇ ਵਿਸ਼ਿਆਂ ਨਾਲ ਸਬੰਧਿਤ ਜਾਣਕਾਰੀ ਹਾਸਿਲ ਹੁੰਦੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਇਹ ਉਪਰਾਲਾ ਸਰਾਹੁਣਯੋਗ ਹੈ ਭਵਿੱਖ ਵਿਚੱਲੇ ਸੈਮੀਨਾਰ, ਕਾਨਫਰੰਸ਼ ਅਤੇ ਗੋਸ਼ਟੀਆਂ ਨੂੰ ਪ੍ਰਕਾਸ਼ਿਤ ਰੂਪ ਦੇਣਾ ਸੰਗੀਤ ਵਿਸ਼ੇ ਲਈ ਹੋਰ ਵੀ ਸਾਰਥਕ ਹੋਵੇਗਾ।

**ਪਦਮ ਸ੍ਰੀ ਉਸਤਾਦ ਸੋਹਣ ਸਿੰਘ ਸਿਮਰਤੀ ਗ੍ਰੰਥ** ਦਾ ਸੰਪਾਦਨ ਪੰਜਾਬੀ ਯੂਨੀਵਰਸਿਟੀ ਦੇ ਉਸਤਾਦ ਸੋਹਣ ਸਿੰਘ ਦੀ ਅਭੁੱਲ ਯਾਦ ਨੂੰ ਸਪਰਪਿਤ ਕਰਦਿਆਂ 1988 ਵਿੱਚ ਪ੍ਰਕਾਸ਼ਿਤ ਕਰਵਾਇਆ ਗਿਆ । ਇਸ ਪੁਸਤਕ ਦੇ ਸੰਪਾਦਕ ਡਾ: ਗੁਰਨਾਮ ਸਿੰਘ ਹਨ। ਇਸ ਪੁਸਤਕ ਵਿੱਚ ਵਿਭਿੰਗ ਖੇਤਰਾਂ ਦੇ ਵਿਦਵਾਨ, ਪ੍ਰੋ: ਸੋਹਣ ਸਿੰਘ ਜੀ ਦੇ ਨਜ਼ਦੀਕੀਆਂ ਜਾਂ ਆਪ ਦੇ ਅੰਮ੍ਰਿਤ ਰੂਪੀ ਸੰਗੀਤ ਆਨੰਦ ਦੇ ਅਨੁਭਵੀਆਂ ਨੇ ਇਹ ਸਿਮਰਤੀ ਗ੍ਰੰਥ ਉਸਤਾਦ ਸੋਹਣ ਸਿੰਘ ਜੀ ਨੂੰ ਸਮਰਪਿਤ ਕਰਦੇ ਹੋਏ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵਿਚਾਰ ਉਸਤਾਦ ਸੋਹਣ ਸਬੰਧੀ ਪ੍ਰਗਟ ਕੀਤੇ ਹਨ। ਇਸ ਪੁਸਤਕ ਵਿੱਚ ਡਾ: ਭਗਤ ਸਿੰਘ ਨੇ ਉਸਤਾਦ ਸੋਹਣ ਸਿੰਘ ਨੂੰ ਸ੍ਰੋਮਣੀ ਸੰਗੀਤਕਾਰ ਦੱਸਿਆ ਹੈ। ਡਾ: ਐਸ.ਐਸ. ਜੋਹਲ ਨੇ ਉਸਤਾਦ ਜੀ ਨੂੰ ਬਹੁਰੰਗੀ ਸਖਸ਼ੀਅਤ ਦੇ ਮਾਲਕ ਦੇ ਰੂਪ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਸਤਾਦ ਸੋਹਣ ਸਿੰਘ ਪੰਜਾਬੀ, ਪੰਜਾਬੀਅਤ ਲਈ ਬਹੁਤ ਹੀ ਮਾਨਯੋਗ ਸਨ। ਇਹਨ੍ਹਾਂ ਤੋਂ ਬਿਨ੍ਹਾਂ ਪ੍ਰੋ: ਤਾਰਾ ਸਿੰਘ. ਸ੍ਰ: ਗੁਰਨਾਮ ਸਿੰਘ, ਸ੍ਰ: ਬੀਰਦਵਿੰਦਰ ਸਿੰਘ, ਬਲਵੀਰ ਸਿੰਘ ਕਲਸੀ, ਜੋਗਿੰਦਰ ਸਿੰਘ ਬਾਵਰਾ ਨੇ ਆਪਣੇ ਗੁਰੂ ਜੀ ਸਬੰਧੀ ਵਿਚਾਰ ਪ੍ਰਗਟ ਕੀਤੇ ਹਨ। ਇਸ ਤੋਂ ਬਿਨ੍ਹਾਂ ਸ਼ਮਸ਼ੇਰ ਸਿੰਘ ਕਰੀਰ, ਦਰਸ਼ਨ ਸਿੰਘ ਨਰੂਲਾ, ਸ੍ਰ: ਕੁਲਵੰਤ ਸਿੰਘ ਗਰੇਵਾਲ, ਸ੍ਰ: ਸ਼ਾਮ ਸਿੰਘ, ਡਾ: ਜਾਗੀਰ ਸਿੰਘ, ਡਾ : ਨਰੂਲਾ, ਸ੍ਰ; ਹਿੰਮਤ ਸਿੰਘ, ਸ੍ਰ: ਸ਼ਮਸ਼ੇਰ ਸਿੰਘ ਸੰਧੂ, ਸ੍ਰ: ਹਰਪਾਲ ਸਿੰਘ ਸਪੁੱਤਰ ਸੋਹਣ ਸਿੰਘ ਨੇ ਆਪਣੇ ਜੀਵਨ

ਪੱਲਾਂ ਦੀਆਂ ਕੁਝ ਝਲਕੀਆਂ ਪਾਠਕਾਂ ਸਾਹਮਣੇ ਪੇਸ਼ ਕੀਤੀਆਂ ਹਨ। ਇਹਨਾਂ ਲੇਖਾਂ ਅਤੇ ਵਿਦਵਾਨਾ ਤੋਂ ਬਿਨ੍ਹਾਂ ਸ੍ਰ: ਗੁਰਨੇਕ ਸਿੰਘ, ਕਵਲਇੰਦਰ ਸਿੰਘ ਕਵਲ, ਸ੍ਰੀਮਤੀ ਜਗਜੀਤ ਕੌਰ ਹੋਰਾਂ ਨੇ ਉਸਤਾਦ ਸੋਹਣ ਸਿੰਘ ਨੂੰ ਭੇਟਾਂ ਦੇ ਫੁੱਲ ਪੇਸ਼ ਕੀਤੇ ਹਨ।

ਇਸ ਪੁਸਤਕ ਵਿੱਚ ਭਿੰਨ-ਭਿੰਨ ਲੇਖਕਾਂ ਨੇ ਪਦਮ ਸ੍ਰੀ ਉਸਤਾਦ ਸੋਹਣ ਸਿੰਘ ਸਬੰਧੀ ਆਪਣੀਆਂ ਯਾਦਾਂ ਅਤੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਹਨ੍ਹਾਂ ਸਭ ਦੀਆਂ ਭਾਵਨਾਵਾਂ ਨੂੰ ਇੱਕ ਪੁਸਤਕ ਦਾ ਰੂਪ ਦੇ ਕੇ ਪੰਜਾਬੀ ਸੰਗੀਤਕਾਰ ਦੀ ਯਾਦ ਨੂੰ ਹੋਰ ਵੀ ਤਾਜਾ ਕੀਤਾ ਹੈ। ਇਹ ਪੰਜਾਬੀ ਯੂਨੀਵਰਸਿਟੀ ਦਾ ਅਹਿਮ ਕਾਰਜ ਹੈ।

**ਪੰਜਾਬੀ ਲੋਕ ਸੰਗੀਤ ਵਿਰਾਸਤ** ਪੁਸਤਕ ਦੇ ਦੋ ਭਾਗ ਪ੍ਰਕਾਸ਼ਿਤ ਹੋਏ ਜਿਹਨਾਂ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਰਾਹੀਂ 2005 ਵਿੱਚ ਕੀਤਾ ਗਿਆ। ਇਸ ਪੁਸਤਕ ਦੀ ਰਚਨਾ ਦਾ ਮੂਲ ਮੰਤਵ ਪੰਜਾਬੀ ਲੋਕ ਸੰਗੀਤ ਵਿਰਾਸਤ ਦੀ ਸਾਂਭ-ਸੰਭਾਲ ਅਤੇ ਪੰਜਾਬੀ ਲੋਕ ਸੰਗੀਤ ਦੀਆਂ ਵਿਖਿਆਤ ਲੋਕ ਗਾਇਨ ਵਿਧਾਵਾਂ ਤੋਂ ਪਰਿਚਿਤ ਕਰਵਾਉਣਾ ਹੈ।

ਪੰਜਾਬੀ ਲੋਕ ਸੰਗੀਤ ਵਿਰਾਸਤ ਭਾਗ ਪਹਿਲਾ ਪੰਜਾਬੀ ਲੋਕ ਸੰਗੀਤ ਦੀ ਬਹੁਤ ਹੀ ਮਹੱਤਵਪੂਰਨ ਪੁਸਤਕ ਹੈ। ਲੇਖਕ ਨੇ ਪੁਸਤਕ ਦੇ ਆਰੰਭ ਵਿੱਚ ਪੰਜਾਬੀ ਲੋਕ ਸੰਗੀਤ ਦਾ ਪਿਛੋਕੜ ਦਸਦੇ ਹੋਏ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੁਆਰਾ ਲੋਕ ਸੰਗੀਤ ਦੀ ਸਾਂਭ ਸੰਭਾਲ ਅਤੇ ਸੁਰੱਖਿਆ ਸਬੰਧੀ ਉਪਰਾਲਿਆਂ ਦਾ ਜਿਕਰ ਕੀਤਾ ਹੈ। ਪੰਜਾਬੀ ਲੋਕ ਸੰਗੀਤ ਵਿਰਾਸਤ ਭਾਗ ਪਹਿਲਾ ਵਿੱਚ ਲੇਖਕ ਨੇ 21ਵੀਂ ਸਦੀ ਤੱਕ ਦੇ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਸਫਰ ਦਾ ਸੰਖੇਪ ਰੂਪ ਵਿੱਚ ਵਰਨਣ ਕੀਤਾ ਹੈ। ਜਿਸ ਤੋਂ ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਪੀੜ੍ਹੀ-ਦਰ-ਪੀੜ੍ਹੀ ਵਿਕਾਸ ਦੀ ਜਾਣਕਾਰੀ ਮਿਲਦੀ ਹੈ। ਲੇਖਕ ਨੇ ਪੰਜਾਬੀ ਲੋਕ ਸੰਗੀਤ ਦੀਆਂ ਗਾਇਨ ਕਲਾਵਾਂ ਵਿੱਚੋਂ ਕਵੀਸ਼ਰੀ ਗਾਇਨ ਸ਼ੈਲੀ ਦਾ ਇਤਿਹਾਸ, ਸ਼ਗਿਰਦੀ ਅਤੇ ਸਿਖਲਾਈ, ਗਾਇਨ-ਪ੍ਰਕਿਰਿਆ, ਗੁਣ ਅਤੇ ਲੱਛਣ, ਗਾਇਨ ਦੀ ਤਰਜ, ਸਿਰਜਨ ਕਲਾ ਅਤੇ ਬਹੁਤ ਸਾਰੇ ਪੁਰਾਤਨ ਕਵੀਸ਼ਰਾਂ ਤੋਂ ਜਾਣੂੰ ਕਰਵਾਇਆ ਹੈ । ਬਹੁਤ ਸਾਰੇ ਪ੍ਰਮੁੱਖ ਅਤੇ ਪ੍ਰਚਿੱਲਤ 24 ਕਵੀਸਰੀ ਗਾਇਨਾਂ ਰੂਪਾਂ ਜਿਵੇਂ ਕੌਲ੍ਹਾਂ, ਸ਼ਹੀਦ ਊਧਮ ਸਿੰਘ, ਦਹੂਦ, ਕੱਬਿਤ ਆਦਿ ਨੂੰ ਸੁਰਲਿੱਪੀਬੱਧ ਕੀਤਾ ਗਿਆ ਹੈ ਜੋ ਇਸ ਪੁਸਤਕ ਨੂੰ ਹੋਰ ਵੀ ਲੋੜੀਂਦਾ ਬਣਾਉਂਦਾ ਹੈ। ਅਗਲੇਰੇ ਅਧਿਆਇ ਵਿੱਚ ਢਾਡੀ ਕਲਾ ਦਾ ਇਹਿਤਾਸ, ਮੂਲ ਸਾਜ, ਸ਼ਗਿਰਦੀ ਅਤੇ ਸਿਖਲਾਈ, ਢਾਡੀ ਕਲਾ ਵਿੱਚ ਸਾਜਾਂ ਦੀ ਮਹੱਤਤਾ, ਢਾਡੀ ਪਰੰਪਰਾ ਦੀ ਰੀਤ, ਗਾਇਨ-ਪ੍ਰਕਿਰਿਆ, ਗਾਇਨ ਦੀ ਸਿਰਜਨਾ ਦਾ ਵਿਸਤਾਰ ਸਹਿਤ ਵਰਨਣ ਕੀਤਾ ਗਿਆ ਹੈ। ਲੇਖਕ ਨੇ ਵੱਖ-ਵੱਖ ਧੁਨਾਂ ਨੂੰ) ਕਹਿਰਵਾ ਤਾਲ ਵਿੱਚ ਢਾਡੀ ਪੱਖ ਤੋਂ ਸਪੱਸ਼ਟ ਕੀਤਾ ਹੈ (ਜਿਵੇਂ ਕਿ ਹੀਰ ਦੀ ਧੁਨ (ਤਾਲ ਕਹਿਰਵਾ) ਮਿਰਜੇ ਦੀ ਧੁਨ (ਤਾਲ ਕਹਿਰਵਾ । 16 ਢਾਡੀ ਰਚਨਾਵਾਂ ਦੀਆਂ ਸਵਰਲਿਪੀਆਂ ਪੁਸਤਕ ਦਾ ਸਿੰਗਾਰ ਹਨ ਜੋ ਪੁਸਤਕ ਨੂੰ ਹੋਰ ਵੀ ਮੁੱਲਵਾਨ ਬਣਾਉਂਦੀਆਂ ਹਨ। ਅਧਿਆਇ ਵਿੱਚ ਤੂੰਬੇ ਤਾਰੇ ਅਤੇ ਤੂੰਬੀ ਦੀ ਗਾਇਕੀ, ਮੁੱਖ ਕਲਾਕਾਰ ਦੇ ਗਾਇਨ ਦੀਆਂ ਸਵਰਲਿੱਪੀਆਂ, ਗਾਇਕੀ ਸਰੂਪ ਅਤੇ ਸੰਗੀਤ ਵਿਧਾਨ, ਪਿਛੋਕੜ, ਮੁੱਖ ਕਲਾਕਾਰ, ਗਇਨ ਪ੍ਰਕਿਰਿਆ, ਧੁਨ ਅਤੇ ਤਾਲ ਸਹਿਤ 17 ਰਚਨਾਵਾਂ ਨੂੰ ਲਿੱਪੀਬੱਧ ਕੀਤਾ ਗਿਆ ਹੈ। ਪੁਸਤਕ ਦਾ ਅਗਲਾ ਅਧਿਆਇ ਪੰਜਾਬ ਦੇ ਪੁਆਧੀ ਅਖਾੜਿਆਂ ਨਾਲ ਸਬੰਧਿਤ ਹੈ ਜਿਸ ਵਿੱਚ ਪੁਆਧੀ ਅਖਾੜਿਆਂ ਵਿੱਚ ਲਾਗ, ਮੰਗਲਾਚਰਨ, ਪ੍ਰਸੰਗ, ਗਾਇਨ,ਪ੍ਰਸੰਗ ਦੀ ਵਿਆਖਿਆ ਦੁਆਰਾ ਚਿਤਰਨ, ਉਕਤ ਪੜਾਵਾਂ ਦੀ ਆਰੰਭਤਾ, ਅੰਤਰੀਵੀਂ, ਪਿੱਠਵਰਤੀ ਗਾਇਨ, ਵਾਦਨ ਅਤੇ ਉਕਤ ਪ੍ਰਕਿਰਿਆ ਅਨੁਸਾਰ ਨਾਚ ਆਦਿ ਪ੍ਰਮੁੱਖ ਤੱਤਾਂ ਦੀ ਚਰਚਾ ਹੈ। ਲੇਖਕ ਨੇ 15 ਪੁਆਧੀ ਅਖਾੜਿਆਂ ਨੂੰ ਸੰਗੀਤਕ ਰੂਪਾਂਤਰਣ ਤਹਿਤ ਲਿਪੀਬੱਧ ਕੀਤਾ ਗਿਆ ਹੈ। ਗੁੱਗਾ ਗਾਇਕੀ ਦੀ ਸੰਗੀਤ ਵਿਰਾਸਤ, ਗਾਇਨ ਦਾ ਸਮਾਂ, ਕਲਾਕਾਰ, ਸ਼ਗਿਰਦੀ, ਸਿਖਲਾਈ ਸਬੰਧੀ ਚਰਚਾ ਕਰਨ ਦੇ ਨਾਲ ਗੁੱਗਾ ਗਾਇਕੀ ਦੀਆਂ ਕੁਝ ਸਵਰਲਿੱਪੀਆਂ ਪ੍ਰਕਾਸ਼ਿਤ ਕੀਤੀਆਂ ਹਨ। ਇਸ ਅਧਿਆਇ ਵਿੱਚ ਪੰਜਾਬੀ ਲੋਕ ਸੰਗੀਤ ਦੇ ਮਹੱਤਵਪੂਰਨ ਸਾਜਾਂ ਡੱਫਲੀ, ਘੜਾ, ਗਾਗਰ, ਬੁਗਦੂ, ਚਿਮਟਾ, ਖੜਤਾਲ, ਘੁੰਗਰੂ, ਸੱਪ, ਕਾਟੋ, ਕਿਰਲ ਆਦਿ ਦਾ ਵਿਸਤਾਰ ਸਹਿਤ ਵਰਨਣ ਕੀਤਾ ਹੈ। ਇਸ ਪੁਸਤਕ ਵਿੱਚ ਪ੍ਰਸਿੱਧ ਪੰਜਾਬੀ ਸਰੋਤ ਕਲਾਕਾਰਾਂ ਦੇ ਨਾਮਾਂ ਦੀ ਸੂਚੀ ਬਣਾਕੇ ਜਾਣ-

ਪਹਿਚਾਣ ਕਰਵਾਈ ਗਈ ਹੈ।

ਪੰਜਾਬੀ ਲੋਕ ਸੰਗੀਤ ਵਿਰਾਸਤ ਭਾਗ ਦੂਜਾ ਦੀ ਰਚਨਾ ਵੀ ਡਾ. ਗੁਰਨਾਮ ਸਿੰਘ ਦੁਆਰਾ ਕੀਤੀ ਗਈ ਹੈ। ਇਸ ਪੁਸਤਕ ਦਾ ਪ੍ਰਕਾਸ਼ਨ ਪੰਜਾਬੀ ਯੂਨੀਵਰਸਿਟੀ ਰਾਹੀਂ 2005 ਵਿੱਚ ਪੰਜਾਬੀ ਸੱਭਿਆਚਾਰ ਦੀ ਸਾਂਭ-ਸੰਭਾਲ ਨੂੰ ਮੁੱਖ ਰੱਖਕੇ ਕੀਤੀ ਗਈ ਹੈ। ਇਸ ਪੁਸਤਕ ਵਿੱਚ ਲੇਖਕ ਨੇ ਪੰਜਾਬੀ ਲੋਕ-ਸੰਗੀਤ ਵਿਰਾਸਤ ਦੇ ਵਿਸ਼ਾਲ ਰੂਪ ਦੇ ਸੰਗ੍ਰਹਿ ਨੂੰ ਸੰਕਲਿਤ ਕਰਨ ਦਾ ਯਤਨ ਕੀਤਾ ਹੈ।


ਇਸ ਸਿਰਲੇਖ ਅਧੀਨ ਛਪਿਆ ਭਾਗ ਪਹਿਲਾ ਵਿੱਚ ਜਿੱਥੇ ਕਵੀਸ਼ਰੀ, ਢਾਡੀ, ਗੁੱਗਾ ਗਾਇਕੀ ਅਤੇ ਪੁਆਧੀ ਅਖਾੜਿਆਂ ਬਾਰੇ ਜਾਣਕਾਰੀ ਮਿਲਦੀ ਹੈ, ਉੱਥੇ ਪੰਜਾਬੀ ਲੋਕ ਸੰਗੀਤ ਵਿਰਾਸਤ ਭਾਗ ਦੂਜਾ ਵਿੱਚ ਲੇਖਕ ਨੇ ਪੰਜਾਬਣਾਂ ਦੇ ਲੋਕ ਗੀਤ ਭਾਵ ਪੰਜਾਬੀ ਔਰਤਾਂ ਦੇ ਲੋਕ ਗੀਤ, ਲੋਕ-ਗੀਤਾਂ ਦੀ ਵੰਡ, ਜੰਮਣ-ਮਰਨ ਦੇ ਗੀਤ, ਸਾਹੇ-ਸਿੱਠਣੀਆਂ, ਪਿਓ-ਧੀ ਦੇ ਗੀਤ, ਵਿਆਹ ਦੇ ਗੀਤ, ਘੋੜੀਆਂ, ਵੈਣ, ਕੀਰਨੇ ਅਲਹੁਣੀਆਂ ਆਦਿ ਇਸਤਰੀ ਗੀਤਾਂ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਇਸ ਪੁਸਤਕ ਵਿੱਚ ਔਰਤਾਂ ਦੇ 71 ਲੋਕ ਗੀਤਾਂ ਦੀਆਂ ਸਵਰਲਿੱਪੀਆਂ ਵੱਖ-ਵੱਖ ਤਾਲਾਂ ਵਿੱਚ ਪ੍ਰਸਤੁਤ ਕੀਤੀਆਂ ਗਈਆਂ ਹਨ ਜੋ ਕਿ ਪੰਜਾਬੀ ਲੋਕ ਸੰਗੀਤ ਦਾ ਮਹੱਤਵਪੂਰਨ ਸੋਮਾ ਹਨ। ਇਸ ਤੋਂ ਬਾਅਦ ਪੰਜਾਬੀ ਲੋਕ ਨਾਚਾਂ ਦੀਆਂ ਚੋਣਵੀਆਂ ਵੰਨਗੀਆਂ ਜਿਵੇ ਝੂੰਮਰ, ਸੰਮੀ ਦੇ ਪ੍ਰਮੁੱਖ ਗੀਤ, ਭੰਗੜੇ ਦੀਆਂ ਮੁੱਖ ਬੋਲੀਆਂ, ਲੋਕ ਗੀਤ, ਗਿੱਧੇ ਦੀਆਂ ਕੁਝ ਬੋਲੀਆਂ, ਮਰਦਾਂ ਦਾ ਗਿੱਧਾ, ਗਿੱਧੇ ਦਾ ਸਵਰੂਪ, ਸੰਗੀਤ ਵਿਧਾਨ ਅਤੇ ਲਿਖਿਤ ਸਵਰਲਿਪੀਆਂ ਆਦਿ ਪ੍ਰਮੁੱਖ ਨਾਚਾਂ ਦੀਆਂ ਭਿੰਨ-ਭਿੰਨ ਸਵਰਲਿੱਪੀਆਂ ਇਸ ਪੁਸਤਕ ਦਾ ਸਿੰਗਾਰ ਹਨ।ਇਹਨਾਂ ਵੱਖ-ਵੱਖ ਵੰਨਗੀਆਂ ਨੂੰ ਤਸਵੀਰਾਂ ਰਾਹੀਂ ਸਪੱਸ਼ਟ ਕਰਨਾ ਪੁਸਤਕ ਨੂੰ ਹੋਰ ਵੀ ਮਹੱਤਵਪੂਰਨ ਬਣਾਉਂਦਾ ਹੈ ।ਬੀਨ ਵਾਲੇ ਨਚਾਰਾਂ ਦਾ ਨਾਚ ਅਤੇ ਸਰੂਪ, ਸੰਗੀਤ ਵਿਧਾਨ ਅਤੇ ਸੰਗੀਤ ਰੁਪਾਤਰਣ ਕੀਤਾ ਗਿਆ ਹੈ । ਪੁਸਤਕ ਵਿੱਚ ਪੰਜਾਬੀ ਲੋਕ ਸੰਗੀਤ ਦੇ ਪ੍ਰਮੁੱਖ ਸੁਰ ਸਾਜਾਂ ਅਤੇ ਉਨ੍ਹਾਂ ਦੀ ਸਰੂਪਗਤ ਸਮੱਗਰੀ ਦੀ ਜਾਣਕਾਰੀ ਦਿੱਤੀ ਗਈ ਹੈ।ਬੀਨ, ਅਲਗੋਜੇ, ਸਾਰੰਗੀ, ਕਿੰਗ, ਤੂੰਬਾ ਤਾਰਾ ਅਤੇ ਤੂੰਬੀ ਆਦਿ ਸਾਜਾਂ ਦਾ ਇਤਿਹਾਸ ਅਤੇ ਅਤੇ ਸਾਜ ਬਣਤਰ ਨੂੰ ਤਸਵੀਰਾਂ ਸਹਿਤ ਸਪਸ਼ਟ ਕੀਤਾ ਹੈ। ਪੰਜਾਬੀ ਲੋਕ-ਸੰਗੀਤ ਨਾਲ ਸਬੰਧਿਤ ਪ੍ਰਮੁੱਖ ਤਾਲ ਸਾਜਾਂ (ਢੋਲਕ, ਢੋਲਕੀ, ਢੱਡ, ਡੋਰੀ, ਨਗਾਰਾ, ਢੱਕ, ਢਮਕੀ, ਖੰਜਰੀ, ਡੱਫਲੀ, ਘੜਾ, ਬੁਘਦੂ, ਚਿਮਟਾ, ਖੜਤਾਲ ਘੁੰਗਰੂ, ਸੱਪ, ਕਾਟੋ, ਕਿਰਲ) ਦਾ ਸਰੂਪ,ਇਤਿਹਾਸ ਅਤੇ ਵਾਦਨ ਵਿਧੀ ਸਬੰਧੀ ਅਹਿਮ ਜਾਣਕਾਰੀ ਦਿੱਤੀ ਗਈ ਹੈ।

ਇਹ ਪੁਸਤਕ ਪੰਜਾਬੀ ਲੋਕ ਸੰਗੀਤ ਦਾ ਅਹਿਮ ਸੋਮਾ ਹੈ।ਇਸ ਪੁਸਤਕ ਦੀ ਭਾਸ਼ਾ ਸ਼ੈਲੀ ਨਿਰੋਲ ਪੰਜਾਬੀ ਹੈ। ਇਸ ਪੁਸਤਕ ਵਿੱਚ ਪੰਜਾਬੀ ਲੋਕ-ਸੰਗੀਤ ਦੇ ਗਾਇਨ, ਵਾਦਨ, ਨ੍ਰਿਤ ਦਾ ਵਰਨਣ ਕੀਤਾ ਗਿਆ ਹੈ ਜੋ ਕਿ ਕਿਸੇ ਵੀ ਪ੍ਰਾਂਤ ਦੇ ਲੋਕ ਸੰਗੀਤ ਦੇ ਮਹੱਤਵਪੂਰਨ ਅੰਗ ਹਨ। ਪੰਜਾਬੀ ਲੋਕ ਸੰਗੀਤ ਵਿਰਾਸਤ ਦੇ ਦੋਵੇਂ ਭਾਗ ਪੰਜਾਬੀ ਲੋਕ ਸੰਗੀਤ ਅਤੇ ਪੰਜਾਬੀ ਸੱਭਿਆਚਾਰ ਦੀ ਮੋਲਿਕ ਨੁਹਾਰ ਪੇਸ਼ ਕਰਨ ਦਾ ਉਪਰਾਲਾ ਹਨ।

**ਪੰਜਾਬੀ ਲੋਕ ਸਾਜ਼** ਪੁਸਤਕ ਸੰਗੀਤ ਜਗਤ ਦੇ ਉੱਘੇ ਵਿਦਵਾਨ ਲੇਖਕ ਡਾ. ਗੁਰਨਾਮ ਸਿੰਘ ਦੀ ਕ੍ਰਿਤ ਹੈ ਜਿਸਨੂੰ 2008 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕਰਵਾਇਆ। ਲੇਖਕ ਨੇ ਹੱਥਲੀ ਪੁਸਤਕ ਵਿੱਚ ਪੰਜਾਬੀ ਲੋਕ ਸੰਗੀਤ ਪਰੰਪਰਾ ਤੋਂ ਜਾਣੂ ਕਰਵਾਉਣ ਦੇ ਨਾਲ-ਨਾਲ ਪੰਜਾਬੀ ਲੋਕ ਸੰਗੀਤਕ ਸਾਜ਼ਾਂ ਨਾਲ ਸਬੰਧਿਤ ਸਮੱਗਰੀ ਨੂੰ ਪ੍ਰਕਾਸ਼ਿਤ ਕੀਤਾ ਹੈ। ਲੇਖਕ ਨੇ ਪੰਜਾਬੀ ਲੋਕ ਸੰਗੀਤ ਦੇ ਸਾਜ਼ਾਂ ਨੂੰ ਤੱਤ ਸਾਜ਼ (ਸਾਰੰਗੀ, ਕਿੰਗ, ਤੂੰਬਾ ਤਾਰਾ, ਤੂੰਬੀ, ਇਕਤਾਰੀਆ, ਬੁਗਦੂ); ਬਿੱਤ ਸਾਜ਼ (ਢੱਡ, ਢੋਲ, ਢੋਲਕੀ, ਨਗਾਰਾ, ਡੱਫ, ਟਮਕੀ, ਡੱਫਲੀ); ਘਨ ਸਾਜ਼ (ਖੰਜਰੀ, ਸੱਪ, ਕਾਂਟੋ, ਕਿਰਲਾ, ਖੜਤਾਲ ਚਿਮਟਾ, ਛੈਣੇ, ਘੁੰਗਰੂ, ਡੰਡੀਆਂ, ਗੜਵਾ); ਮੁਖਰ ਸਾਜ਼ (ਘੜਾ ਅਤੇ ਗਾਗਰ); ਸੁਖਰ ਸਾਜ਼ (ਵੰਝਲੀ, ਅਲਗੋਜ਼ੇ,ਬੀਨ, ਬੀਨ ਵਾਜਾ, ਹਾਰਮੋਨਿਅਮ) ਆਦਿ ਸਾਜ਼ਾਂ ਨੂੰ ਵਿਭਿੰਨ ਸ਼੍ਰੇਣੀਆਂ ਵਿੱਚ ਰੱਖਦੇ ਹਰ ਸਾਜ਼ ਦੀ ਬਣਤਰ, ਦਿੱਖ ਅਤੇ ਵਾਦਨ ਵਿਧੀ ਤੋਂ ਜਾਣੂ ਕਰਵਾਇਆ ਹੈ।

ਪੰਜਾਬੀ ਲੋਕ ਸਾਜ਼ ਪੁਸਤਕ ਦੇ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਪੁਸਤਕ ਵਿੱਚਲੀ ਸਮੱਗਰੀ ਪੰਜਾਬੀ

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

## ਭਾਈ ਗੁਰਮੀਤ ਸਿੰਘ ਜੋਸ਼

ਸੰਗੀਤ ਦੀ ਸੂਝ, ਆਪ ਜੀ ਨੇ ਪ੍ਰਯਾਗ ਸੰਗੀਤ ਸੰਮਿਤੀ ਸਹਾਰਨਪੁਰ ਤੋਂ ਆਪ ਜੀ ਨੇ ਸੰਗੀਤ ਦੀ ਬੀ. ਏ. ਫਸਟ ਡਿਵੀਜ਼ਨ ਵਿਚ ਕੀਤੀ ਹੈ। ਆਪ ਜੀ ਨੇ ਖੁਦ ਸੰਗੀਤ ਦੀ ਕਿਤਾਬ ਲਿਖੀ ਹੈ, ਉਸ ਦਾ ਨਾਮ ਰੱਖਿਆ ਹੈ (ਰਤਨਾ ਸੰਗੀਤ) ਇਸ ਵਿਚ ਤਕਰੀਬਨ ਚਾਰ ਸੌ ਦੇ ਕਰੀਬ ਰਾਗ, ਆਪ ਜੀ ਨੇ ਥਿਊਰੀ ਸਮੇਤ ਲਿਖੇ ਹਨ। ਇਹਨਾਂ ਰਾਗਾਂ ਦੇ ਵਿਚੋਂ ਕੋਈ 40 ਦੇ ਕਰੀਬ ਰਾਗਾਂ ਦੀਆਂ ਰੰਗੀਨ ਫੋਟੋਆਂ ਆਪ ਜੀ ਨੇ ਆਪਣੇ ਹੱਥ ਨਾਲ ਬਣਵਾਈਆਂ ਹਨ, ਜੋ ਕਿ ਬੇ ਮਿਸਾਲ ਹਨ। ਇਹਨਾਂ ਰਾਗਾਂ ਵਿਚੋਂ ਕੋਈ ਦੋ ਸੌ ਦੇ ਕਰੀਬ ਰਾਗ ਆਪ ਜੀ ਗਾ ਲੈਂਦੇ ਹਨ ਅਤੇ ਤਾਲ ਦੀ ਸੂਝ ਐਸੀ ਹੈ ਕਿ ਤਬਲੇ ਵਾਲਾਂ ਭਾਵੇਂ ਕੋਈ ਵੀ ਉਲਟੀ ਸਿੱਧੀ ਲੈਅ ਕਰ ਦੇਵੇ, ਪਰ ਆਪ ਜੀ ਆਪਣੀ ਲੈਅ ਤੋਂ ਨਹੀਂ ਹਿਲਦੇ। ਕਿਉਂਕਿ ਆਪ ਜੀ ਨੇ ਪਹਿਲੇ ਤਕਰਬੀਨ 25 ਸਾਲ ਵੱਖ ਵੱਖ ਰਾਗੀਆਂ ਨਾਲ ਤਬਲੇ ਦੀ ਸੇਵਾ ਕੀਤੀ ਹੈ। ਹਰ ਛੋਟਾ ਵੱਡਾ ਤਾਲ ਆਪ ਜੀ ਬਾਖੂਬੀ ਗਾ ਲੈਂਦੇ ਹੋ, ਜਿਸ ਤਰ੍ਹਾਂ ਕਿ ਤੀਨ ਤਾਲ (ਛੋਟਾ ਤੀਨ ਤਾਲ, ਇਹ ਆਪ ਜੀ ਦਾ ਫੇਵਰੈਟ ਤਾਲ ਹੈ, ਕਲਾਸੀਕਲ, ਬੰਦਸ਼ਾਂ ਜ਼ਿਆਦਾ ਤਰ ਛੋਟੇ ਤੀਨ ਤਾਲ ਵਿਚ ਹਨ ਅਤੇ ਧਮਾਰ, ਚਾਰ ਤਾਲ, ਇਕਤਾਲਾ, ਇਸ ਨੂੰ ਯੱਕਾ ਵੀ ਕਿਹਾ ਜਾਂਦਾ ਹੈ। ਫਰੋਦਸਤ, ਚੰਚਲ, ਝਪਤਾਲ, ਸੂਲਫਾਕ ਤਾਲ, 9 ਮਾਤਰਾਂ ਵਸੰਤ ਤਾਲ, ਕਹਿਰਵਾ ਤੇ ਰੂਪਕ, ਗੀਤ ਤਾਲ ਅਤੇ ਹੋਰ ਵੀ ਕਈ ਤਾਲ ਆਪ ਜੀ ਬਾ ਖੂਬੀ ਗਾ ਲੈਂਦੇ ਹਨ। ਹਰ ਗਾਇਕੀ ਵਿਚ ਰਸ ਭਰਿਆ ਹੁੰਦਾ ਹੈ ਅਤੇ ਆਪ ਜੀ ਹਰ ਕਿਸਮ ਦੀ ਗਾਇਕੀ ਗਾਅ ਲੈਂਦੇ ਹਨ। ਸ਼ਬਦ ਰੀਤ ਬੇ ਮਿਸਾਲ, ਨਿਊਲਾਈਟ, ਕਵਾਲੀ ਗਾਇਕੀ ਅਤੇ ਯੂ. ਪੀ. ਬਿਹਾਰ ਤੇ ਬਿਹਾਰ ਦੀ ਕਜਰੀ ਗਾਇਕੀ ਅਤੇ ਇਸ ਦੇ ਨਾਲ ਸ਼ਬਦ ਰੀਤ ਨਾਲ ਢੁਕਦੇ ਪ੍ਰਮਾਣ ਗੁਰਬਾਣੀ ਦੇ, ਫਿਰ ਸ਼ਬਦ ਗੁਰਬਾਣੀ ਦੀ ਵਿਆਖਿਆ ਸੋਨੇ ਤੇ ਸੁਹਾਗੇ ਵਾਲੀ ਗੱਲ। ਆਪ ਜੀ ਦੀ ਵਿਆਖਿਆ ਤੇ ਕਥਾ ਤਾਂ ਐਸੀ ਕਮਾਲ ਦੀ ਹੈ ਕਿ ਸੰਗਤਾਂ ਬਹੁਤ ਪ੍ਰਸੰਨ ਹੁੰਦੀਆਂ ਹਨ। ਆਪ ਜੀ ਦੇ ਵਿਚਾਰਾਂ ਤੇ ਸੰਗਤ ਬਹੁਤ ਹੀ ਪ੍ਰਭਾਵਤ ਹੁੰਦੀ ਹੈ ਕਿਉਂਕਿ ਆਪ ਜੀ ਤੀਹ ਪੈਂਤੀ ਸਾਲ ਪੰਥ ਰਤਨ ਗਿ: ਸੰਤ ਸਿੰਘ ਮਸਕੀਨ ਜੀ ਦੇ ਨਾਲ ਰਹਿ ਕੇ ਕੀਰਤਨ ਕਰਦੇ ਰਹੇ ਹਨ ਅਤੇ ਜੋ ਮਸਕੀਨ ਸਾਹਿਬ ਜੀ ਨੇ ਸੰਸਥਾ ਕਾਇਮ ਕੀਤੀ ਸੀ (ਵਿਸ਼ਵ ਸਿੱਖ ਪ੍ਰਚਾਰਕ ਸੰਸਥਾ, ਸ੍ਰੀ ਅੰਮ੍ਰਿਤਸਰ) ਜਿਸ ਦੇ ਮੁਖੀ ਮਸਕੀਨ ਜੀ ਸਨ ਅਤੇ ਸਰਪ੍ਰਸਤ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜੱਥੇਦਾਰ ਸਾਹਿਬ ਹਨ, ਇਸ ਸੰਸਥਾ ਦੇ ਵੀ ਆਪ ਜੀ ਸਰਗਰਮ ਮੈਂਬਰ ਹਨ। ਸੰਸਥਾ ਵੱਲੋਂ ਜਿੱਥੇ ਵੀ ਆਪ ਦੀ ਸੇਵਾ ਲਾ ਕੇ ਭੇਜਿਆ ਜਾਂਦਾ ਹੈ, ਆਪ ਜੀ ਪੂਰੀ ਈਮਾਨਦਾਰੀ ਨਾਲ ਆਪਣੀ ਡੀਊਟੀ ਨਿਭਾਉਂਦੇ ਹਨ। ਹਰ ਕੰਮ ਵਿਚ ਸਦਾ ਹੀ ਸਫਲਤਾ ਪਾਈ ਹੈ। ਸੰਸਥਾ ਵੱਲੋਂ ਕਈ ਵਾਰ ਆਪ ਜੀ ਨੂੰ ਕੰਮ ਦੀ ਸ਼ਾਬਾਸ਼ ਅਤੇ ਵਧਾਈ ਦਿੱਤੀ ਗਈ ਅਤੇ ਸਨਮਾਨਤ ਵੀ ਕੀਤਾ ਗਿਆ। ਸਭ ਤੋਂ ਵੱਡੀ ਖੂਬੀ ਇਹ

ਹੈ ਕਿ ਆਪ ਜੀ ਦੀਆਂ ਜਿਤਨੀਆਂ ਵੀ ਸ਼ਬਦਾਂ ਦੀਆਂ ਬੰਦਸ਼ਾਂ ਜਾਂ ਰੀਤਾਂ ਹਨ, ਸਭ ਆਪ ਜੀ ਦੀਆਂ ਆਪਣੀਆਂ ਹਨ, ਕਿਸੇ ਹੋਰ ਰਾਗੀ ਦੀ ਆਪ ਜੀ ਨਕਲ ਨਹੀਂ ਕਰਦੇ।

ਦਾਸ ਦਾ ਸੰਪਰਕ ਭਾਈ ਕਰਮ ਸਿੰਘ ਰਤਨ ਜੀ ਨਾਲ ਪਹਿਲੀ ਵਾਰ, 4 ਦਸੰਬਰ ਸੰਨ 1993 ਵਿਚ (ਬਿਲਾਸਪੁਰ ਛੱਤੀਸਗੜ੍ਹ) ਵਿਖੇ ਹੋਇਆ ਸੀ। ਵੈਸੇ ਪਹਿਲੀ ਵਾਰ ਮੈਨੂੰ ਆਪ ਜੀ ਦੇ ਦਰਸ਼ਨ ਗੁਰਦੁਅੀਾਰਾ ਸਿੰਘ ਸਭਾ ਰਾਂਚੀ ਵਿਖੇ ਹੋਏ ਸਨ, 26 ਮਈ ਸੰਨ 1976 ਵਿਚ, ਉਸ ਸਮੇਂ ਮੇਰੀ ਉਮਰ ਤਾਂ ਛੋਟੀ ਸੀ ਹੀ। ਮੈਂ ਆਪਣੇ ਵੱਡੇ ਭਾਈ ਸਾਹਿਬ ਭਾ. ਇੰਦਰਜੀਤ ਸਿੰਘ ਨੂਰ ਨਾਲ ਸਿੰਘ ਸਭਾ ਰਾਂਚੀ ਵਿਖੇ ਤਬਲੇ ਦੀ ਡੀਊਟੀ ਕਰਦਾ ਹੁੰਦਾ ਸੀ। ਨਾਲ ਹੀ ਮੈਂ ਮੈਂ ਭਾਈ ਸਾਹਿਬ ਕੋਲੋਂ ਤਬਲੇ ਦੀ ਸਿੱਖਿਆ ਲੈਂਦਾ ਸੀ। ਭਾਈ ਕਰਮ ਸਿੰਘ ਰਤਨ ਜੀ ਉਸ ਸਮੇਂ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਅ ਰਹੇ ਸਨ ਅਤੇ ਇਕ ਸਪੈਸ਼ਲ ਪ੍ਰੋਗਰਾਮ ਤੇ ਇਹਨਾਂ ਦਾ ਰਾਗੀ ਜੱਥਾ ਰਾਂਚੀ ਵਿਖੇ ਆਇਆ ਸੀ। ਉਸ ਤੋਂ ਬਾਅਦ ਇਹਨਾਂ ਦੇ ਦਰਸ਼ਨ ਮੈਨੂੰ ਬਿਲਾਸਪੁਰ ਵਿਖੇ ਹੋਏ। ਉਸ ਸਮੇਂ ਮੈਂ ਭਾਈ ਕਲਿਆਨ ਸਿੰਘ ਜੀ ਲਖਨਊਵਾਲਿਆਂ ਨਾਲ ਤਬਲੇ ਦੀ ਸੇਵਾ ਕਰ ਰਿਹਾ ਸੀ। ਰਤਨ ਜੀ ਦੇ ਨਾਲ ਉਸ ਸਮੇਂ ਭਾਈ ਅਮਰੀਕ ਸਿੰਘ ਅਲਵਰ ਵਾਲੇ ਸਹਾਇਕ ਰਾਗੀ ਸਨ। ਭਾਈ ਹਜ਼ੂਰਾ ਸਿੰਘ ਜੀ ਦਿੱਲੀ ਵਾਲੇ ਤਬਲੇ ਤੇ ਸੰਗਤ ਕਰਦੇ ਸਨ, ਉਸ ਸਮੇਂ ਗਿ: ਸੰਤ ਸਿੰਘ ਮਸਕੀਨ ਜੀ ਦੇ ਨਾਲ ਚਾਰ ਪੰਜ ਜੱਥੇ ਸਨ। ਜਿਹਨਾਂ ਵਿਚ ਦੋ ਰਾਗੀ ਜੱਥੇ ਇਹ ਸਨ। ਭਾਈ ਕਲਿਆਨ ਸਿੰਘ ਜੀ ਤੇ ਭਾਈ ਕਰਮ ਸਿੰਘ ਰਤਨ ਜੀ ਅਤੇ ਮੈਂ ਆਪਸ ਵਿਚ ਚੰਗੇ ਮਿੱਤਰ ਬਣ ਗਏ, ਮੈਨੂੰ ਰਤਨ ਜੀ ਦੇ ਕੀਰਤਨ ਨੇ ਬਹੁਤ ਪ੍ਰਭਾਵਤ ਕੀਤਾ ਅਤੇ ਰਤਨ ਜੀ ਨੂੰ ਮੇਰਾ ਤਬਲੇ ਦਾ ਕੰਮ ਪਸੰਦ ਆ ਗਿਆ ਅਤੇ ਅਸੀਂ ਦੋਹਾਂ ਨੇ ਆਪਸ ਵਿਚ ਵਾਅਦਾ ਕਰ ਲਿਆ ਕਿ ਜਦੋਂ ਵੀ ਮੌਕਾ ਲੱਗ ਲਿਆ, ਮੈਂ ਤੇ ਰਤਨ ਜੀ ਨੇ ਇਕੱਠੇ ਹੋ ਕੇ ਕੰਮ ਕਰਾਂਗੇ। ਇਹ ਮੌਕਾ ਸਾਨੂੰ 1 ਮਾਰਚ ਸੰਨ 1994 ਵਿਚ ਜਾ ਕੇ ਮਿਲਿਆ। ਸੰਨ 1994 ਦੇ ਅਵਲਰ ਵਿਚ ਮਸਕੀਨ ਜੀ ਦੇ ਸਾਲਾਨਾ ਗੁਰਮਤਿ ਸਮੇਂ, ਇਹ ਸਮਾਗਮ ਅਲਵਰ ਵਿਖੇ ਇਕੱਠਿਆ ਹੀ ਕੀਤਾ ਅਤੇ ਇਸ ਸਮੇਂ ਰਤਨ ਜੀ ਨਾਲ ਸਹਾਇਕ ਭਾਈ ਅਮਰੀਕ ਸਿੰਘ ਅਲਵਰ ਵਾਲੇ ਸਨ ਜੋ ਕਿ ਮਸਕੀਨ ਜੀ ਦੇ ਭਣੇਵੇਂ ਲਗਦੇ ਸਨ। ਤਬਲੇ ਤੇ ਦਾਸ ਇਹਨਾਂ ਨਾਲ ਆ ਗਿਆ ਸੀ, ਰਤਨ ਜੀ ਦੇ ਕੀਰਤਨ ਦਾ ਪ੍ਰਭਾਵ ਤਾਂ ਪਹਿਲਾਂ ਹੀ ਬਹੁਤ ਸੀ। ਪਰ ਹੁਣ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਗਈ। ਸੰਗਤਾਂ ਨੇ ਅਤੇ ਮਸਕੀਨ ਜੀ ਨੇ ਮੈਨੂੰ ਬਹੁਤ ਪਸੰਦ ਕੀਤਾ। ਮਸਕੀਨ ਜੀ ਨੇ ਮੈਨੂੰ ਬਹੁਤ ਆਸ਼ੀਰਵਾਦ ਦਿੱਤੇ।

5 ਮਾਰਚ ਦਾ ਪ੍ਰੋਗਰਾਮ ਪਿੰਡ ਬੜੌਦਾ ਮੇਵ ਵਿਖੇ ਅਤੇ ਉਸ ਤੋਂ ਬਾਅਦ 6 ਮਾਰਚ ਦਾ ਪ੍ਰੋਗਰਾਮ ਪਿੰਡ ਬਿਲਾਸਪੁਰ ਵਿਚ ਸੀ। ਇਹ ਦੋਵੇਂ ਪਿੰਡ ਅਲਵਰ ਸ਼ਹਿਰ ਦੇ ਨੇੜੇ ਹੀ ਲਗਦੇ ਹਨ। ਪਿੰਡ ਬਿਲਾਸਪੁਰ ਵਿਖੇ ਰਤਨ


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

ਜੀ ਨੇ ਭਰੇ ਪੰਡਾਲ ਵਿਚ ਇਕ ਸ਼ਬਦ ਪੜ੍ਹਿਆ (ਨਦੀ ਤਰੰਦੜੀ ਮੈਂਡਾ ਖੋਜਨ ਖੁੰਭੈ, ਮੰਝਿ ਮੁਹਬਤ ਤੇਰੀ) ਇਹ ਸ਼ਬਦ ਰਾਗ ਤਿਲੰਗ ਤੇ ਕਹਿਰਵਾ ਤਾਲ ਵਿਚ ਬਹੁਤ ਹੀ ਖੂਬਸੂਰਤ ਬੰਦਿਸ਼ ਹੈ,। ਇਹ ਸ਼ਬਦ ਸੁਣ ਕੇ ਸੰਗਤ ਤੇ ਪ੍ਰਬੰਧਕ ਝੂਮ ਉੱਠੇ। ਬਹੁਤ ਪ੍ਰਭਾਵਤ ਹੋਏ ਅਤੇ ਸਮਾਪਤੀ ਤੋਂ ਬਾਅਦ ਜੋ ਸਟੇਜ ਸਕੱਤਰ ਸਨ, ਸੰਗਤ ਵਿਚ ਕਹਿਣ ਲੱਗੇ ਸਾਧ ਸੰਗਤ ਜੀ। ਇਸ ਨੂੰ ਕੀਰਤਨ ਕਹਿੰਦੇ ਹਨ। ਭਾਈ ਸਾਹਿਬ ਅਤੇ ਇਹਨਾਂ ਦੇ ਸਾਥੀਆਂ ਦੇ ਕੰਮ ਤੋਂ ਪਤਾ ਲਗਦਾ ਹੈ ਕਿ ਇਹਨਾਂ ਨੇ ਉਸਤਾਦਾਂ ਤੋਂ ਚੰਗੀ ਤਕੜੀ ਮਾਰ ਖਾਧੀ ਹੋਈ ਹੈ ਤਾਂ ਹੀ ਤਾਂ ਕੀਰਤਨ ਵਿਚ ਇਤਨਾ ਅਸਰ ਹੈ। ਅਗਲੇ ਸਾਰੇ ਹੀ ਪ੍ਰੋਗਰਾਮ ਮਸਕੀਨ ਸਾਹਿਬ ਜੀ ਦੇ ਨਾਲ ਅਤੇ ਉਹਨਾਂ ਦੀ ਸਰਪ੍ਰਸਤੀ ਹੇਠ ਹੀ ਹੋਏ ਸਨ ਜੋ 7 ਮਾਰਚ 1994 ਨੂੰ ਅਸੀਂ ਗੁਰਦੁਆਰਾ ਸਾਹਿਬ ਸਿੰਘ ਸਭਾ ਲਖਨਊਪਹੁੰਚ ਗਏ। 8 ਅਤੇ 10 ਤਰੀਕ ਸਿੰਘ ਸਭਾ ਲਖਨਊਵਿਖੇ ਪ੍ਰੋਗਰਾਮ ਕੀਤੇ ਅਤੇ 11 ਮਾਰਚ ਮਹੋਬਾ ਵਿਖੇ ਪ੍ਰੋਗਰਾਮ ਕੀਤਾ। 12 ਤੋਂ 14 ਮਾਰਚ ਦੁਬਾਰਾ ਲਖਨਊਗੁਰਦੁਆਰਾ ਸਿੰਘ ਸਭਾ ਚੰਦਰ ਨਗਰ, ਪ੍ਰੋਗਰਾਮ ਕੀਤਾ, ਫਿਰ 29 ਮਾਰਚ 94 ਨੂੰ ਜੱਥਾ ਸਿੰਘ ਸਭਾ ਰਤਲਾਮ ਪਹੁੰਚ ਗਿਆ ਤੇ 31 ਮਾਰਚ ਤਕ ਰਤਲਾਮ  ਅਤੇ 1 ਤੋਂ 6 ਅਪ੍ਰੈਲ ਤਕ ਗੁਰਦੁਆਰਾ ਇਮਲੀ ਸਾਹਿਬ ਇੰਦੌਰ, ਗੁਰਦੁਆ ਓਅੰਕਾਰ ਵਿਖੇ ਪ੍ਰੋਗਰਾਮ ਕੀਤੇ। 5 ਅਪ੍ਰੈਲ ਨੂੰ ਗੁਰਦੁਆਰਾ ਇਮਲੀ ਸਾਹਿਬ ਵਿਖੇ ਇਕ ਵੱਡਾ ਕੀਰਤਨ ਦਰਬਾਰ ਰੱਖਿਆ ਗਿਆ ਅਤੇ ਸਾਹਮਣੇ ਸਾਹਮਣੇ ਦੋ ਸਟੇਜਾ ਲਗਾਈਆਂ ਗਈਆਂ। ਉਸ ਵਿਚ ਤਕਰੀਬਨ ਦਸ ਰਾਗੀ ਜੱਥਿਆਂ ਨੇ ਕੀਰਤਨ ਕਰਨਾ ਸੀ। ਕੀਰਤਨ ਦਰਬਾਰ ਵਿਚ ਤੀਜੇ ਨੰਬਰ ਤੇ ਰਤਨ ਜੀ ਦਾ ਪ੍ਰੋਗਰਾਮ ਸੀ। ਰਤਨ ਜੀ ਤੋਂ ਬਾਅਦ ਭਾਈ ਸਤਿਨਾਮ ਸਿੰਘ ਸੇਠੀ ਜੀ ਦਾ ਪ੍ਰੋਗਰਾਮ ਸੀ। ਜਦੋਂ ਰਤਨ ਜੀ ਸਟੇਜ ਤੇ ਬੈਠ ਗਏ। ਉਸ ਸਮੇਂ ਮਸਕੀਨ ਸਾਹਿਬ ਜੀ ਸਟੇਜ ਦੇ ਪਿੱਛੇ ਬੈਠੇ ਹੋਏ ਸਨ। ਮਸਕੀਨ ਜੀ ਉੱਠ ਕੇ ਰਤਨ ਜੀ ਦੇ ਪਿੱਛੇ ਹੀ ਸਟੇਜ 'ਤੇ ਬੈਠ ਗਏ ਅਤੇ ਜਦੋਂ ਰਤਨ ਜੀ ਨੇ ਸਾਜ ਖੋਲ੍ਹ ਕੇ ਬੰਦਨਾਂ ਸ਼ੁਰੂ ਕਰਨ ਲੱਗੇ ਤਾਂ ਪਿੱਛੇ ਬੈਠੇ ਹੋਏ ਮਸਕੀਨ ਜੀ ਨੇ ਹੌਲੇ ਜਿਹੇ ਰਤਨ ਜੀ ਦੇ ਕੰਮ ਵਿਚ ਕਹਿ ਦਿੱਤਾ ਕਿ ਰਤਨ ਜੀ ਅੱਜ ਕੋਈ ਨਵੀਂ ਚੀਜ਼ ਸੁਣਾਉ ਤੇ ਅੱਧਾ ਘੰਟਾ ਸਮਾਂ ਸੀ ਸਭ ਜਥਿਆਂ ਦਾ ਅਤੇ ਦੋ ਦੋ ਸ਼ਬਦ ਸਭ ਨੇ ਪੜ੍ਹਨੇ ਸਨ ਤੇ ਰਤਨ ਜੀ ਨੇ ਬੰਦਨਾ ਕੀਤੀ ਹੀ ਨਹੀਂ, ਅਤੇ ਸਿੱਧਾ ਸ਼ਬਦ ਹੀ ਸ਼ੁਰੂ ਕਰ ਦਿੱਤਾ ਅਤੇ ਸ਼ਬਦ ਸੀ (ਬੋਲਿ ਹਰਿ ਨਾਮ ਸਫਲ ਸਾ ਘਰੀ) ਇਸ ਸ਼ਬਦ ਦੀ ਬੰਦਿਸ਼ ਰਾਗ ਮਾਲ ਸ੍ਰੀ ਵਿਚ ਹੈ। ਛੋਟੇ ਤੀਨ ਤਾਲ ਵਿਚ ਵਿਲੰਬਤ ਲੈਅ ਦੀ ਬੰਦਿਸ਼ ਹੈ ਅਤੇ ਬਹੁਤ ਹੀ ਪਿਆਰੀ ਅਤੇ ਪ੍ਰਭਾਵਸ਼ਾਲੀ ਬੰਦਿਸ਼ ਹੈ। ਇਸ ਤੋਂ ਬਾਅਦ ਦੂਜਾ ਸ਼ਬਦ ਪੜ੍ਹਿਆ, (ਵੈਦੋ ਨ ਵਾਈ ਭੈਣੋ ਨ ਨ ਭਾਈ, ਏਕੋ ਸਹਾਈ ਰਾਮ ਹੈ) ਇਹ ਸ਼ਬਦ ਤਾਲ ਦਾਦਰਾ ਦੁਗਣ ਵਿਚ ਬਹੁਤ ਹੀ ਕਮਾਲ ਦੀ ਬੰਦਿਸ਼ ਹੈ। ਬਅਦ ਵਿਚ ਆਪ ਜੀ ਨੇ (ਏਕੋ ਸਹਾਈ ਰਾਮ ਹੇ) ਤੇ ਪ੍ਰਮਾਣ ਵੀ ਦਿੱਤੇ। ਰਤਨ ਜੀ ਛਾ ਗਏ।(ਚਲਦਾ)

**42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸ਼ਨ,**

**ਨਵੀਂ ਦਿੱਲੀ 110041, ਮੋਬਾ : 09968231247**

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਰਾਗ ਬਿਲਾਵਲ : ਡਾ. ਜਬਰਜੰਗ ਸਿੰਘ

ਥਾਟ : ਬਿਲਾਵਲ ਜਾਤੀ : ਸੰਪੂਰਨ-ਸੰਪੂਰਨ

ਸੁਰ : ਸਾਰੇ ਸ਼ੁੱਧ ਹਨ ਸਮਾਂ : ਦਿਨ ਦਾ ਦੂਜਾ ਪਹਿਰ

ਵਰਜਿਤ ਸੁਰ : ਕੋਈ ਨਹੀਂ ਆਰੋਹ : ਸ ਰੇ, ਗ, ਮ ਪ, ਧ ਨੀ ਸਂ

ਵਾਦੀ ਸੁਰ : ਧੈਵਤ (ਧ) ਅਵਰੋਹ : ਸਂ ਨੀ ਧ ਪ, ਮ ਗ ਮ ਰ ਸ

ਸੰਵਾਦੀ ਸੁਰ : ਗੰਧਾਰ (ਗ) ਪਕੜ : ਗ ਰੇ ਗ ਪ, ਮ ਗ ਮ ਰੇ ਸ

| 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|
| **ਸਥਾਈ** | | | | | | | | | |
| ਸ | ਗਰੇ | ਗ | – | ਗਮ | ਧ | ਧ | ਪ | – | ਪ |
| ਚ | ਰS | ਨ | S | ਕS | ਮ | ਲ | ਪ੍ਰ | S | ਭ |
| ਗ | – | ਮ | – | ਰੇ | ਸ | ਰੇ | ਸ | – | – |
| ਕੇ | S | ਨਿ | S | ਤ | ਧਿਆ | S | ਵਹੁ | S | S |
| ਪ | ਪ | ਨੀ | ਧ | ਨੀ | ਸਂ | ਸਂ | ਧ | – | ਪ |
| ਕ | ਵ | ਨ | S | ਸੁ | ਮ | ਤਿ | ਜਿ | S | ਤੁ |
| ਗ | ਰੇ | ਗਮ | ਧ | ਪ | ਗ | ਮ | ਰੇ | – | ਸ |
| ਪ੍ਰੀ | S | ਤS | S | ਮ | ਪਾ | S | ਵਉ | S | S |
| **ਅੰਤਰਾ** | | | | | | | | | |
| ਗ | ਪ | ਨੀ | ਧ | ਨੀ | ਸਂ | – | ਸਂ | – | ਸਂ |
| ਕ | ਵ | ਨ | S | ਸੰ | ਜੋ | S | ਗ | S | ਮਿ |
| ਧ | ਨੀ | ਸਂ | – | ਰੇਂ | ਨੀ | ਸਂ | ਧ | – | ਪ |
| ਲਉ | S | ਪ੍ਰ | S | ਭ | ਅ | ਪੁ | ਨੇ | S | S |
| ਗਂ | ਗਂ | ਗਂ | – | ਮਂ | ਰੇਂ | ਰੇਂ | ਸਂ | – | ਸਂ |
| ਪ | ਲੁ | ਪ | S | ਲੁ | ਨਿ | ਮ | ਖ | S | ਸ |
| ਗ | ਰੇ | ਗਮ | ਧ | ਪ | ਗ | ਮ | ਰੇ | – | ਸ |
| ਦਾ | S | ਹS | S | ਰਿ | ਜ | ਪ | ਨੇ | S | S |
| × | | 2 | | | 0 | | 3 | | |

**ਮੁਲਤਾਨੀ ਮੱਲ ਮੋਦੀ ਕਾਲਿਜ, ਪਟਿਆਲਾ**

## ਸੁਰ ਲਿਪੀ ਵਾਲੇ ਸ਼ਬਦ ਦੇ ਅਰਥ

### ਅੰਗ ੮੦੬

ang 806

### ਰਾਗੁ ਬਿਲਾਵਲੁ ਮਹਲਾ ੫ ਘਰੁ ੪ ਦੁਪਦੇ

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਕਵਨ ਸੰਜੋਗ ਮਿਲਉ ਪ੍ਰਭ ਅਪਨੇ ॥

What blessed destiny will lead me to meet my God?

ਪਲੁ ਪਲੁ ਨਿਮਖ ਸਦਾ ਹਰਿ ਜਪਨੇ ॥੧॥

Each and every moment and instant, I continually meditate on the Lord. ||1||

ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥

I meditate continually on the Lotus Feet of God.

ਕਵਨ ਸੁ ਮਤਿ ਜਿਤੁ ਪ੍ਰੀਤਮੁ ਪਾਵਉ ॥੧॥ ਰਹਾਉ ॥

What wisdom will lead me to attain my Beloved? ||1||Pause||

ਐਸੀ ਕ੍ਰਿਪਾ ਕਰਹੁ ਪ੍ਰਭ ਮੇਰੇ ॥

Please, bless me with such Mercy, O my God,

ਹਰਿ ਨਾਨਕ ਬਿਸਰੁ ਨ ਕਾਹੂ ਬੇਰੇ ॥੨॥੧॥੧੯॥

that Nanak may never, ever forget You. ||2||1||19||

## ਜ਼ਰੂਰੀ ਬੇਨਤੀ

ਜੇ ਇਹ ਮੈਗਜ਼ੀਨ ਆਪ ਨੂੰ ਚੰਗਾ ਲਗਦਾ ਹੈ ਤਾਂ ਮਾਇਕ ਸਹਾਇਤਾ ਭੇਜੋ ਜੀ। ਜੇ ਚੰਗਾ ਨਹੀਂ ਲਗਦਾ ਤਾਂ ਸਾਨੂੰ ਸੂਚਿਤ ਕਰੋ ਤਾਂ ਜੋ ਤੁਹਾਨੂੰ ਇਹ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇ ਜੀ।

- ਸੰਪਾਦਕ : 09814053630


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

| LIST OF DONORS UPTO 22-03-2015 | | | | |
|---|---|---|---|---|
| R.No. | Date | Amount (Rs.) | Donors | Remarks |
| 6566 | 21.02.2015 | 15000 | Sh. Rajinder Mander | |
| 6567 | 07.03.2015 | 2500 | Sigma Corporation India Limited | |
| 6568 | 12.03.2015 | 5000 | Dr Jagir Singh | |
| 6569 | 21.03.2015 | 1000 | Dr S.S.bhatia | |
| 6570 | 21.03.2015 | 150 | Jatinder Singh | |
| 6571 | 22.03.2015 | 1100 | Kirtan Bheta Thru Hbs Chopra From Bs Shahpuri | |
| 6572 | 22.03.2015 | 360 | Kirtan Bheta Thru Hbs Chopra | |


## ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਬਾਰੇ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

Postal Regd. No. CH/0045/2015-2017 RNI Regd. No. 46788/89 ISSN 0972-2335

ੴ

ਮੁਝ ਤੇ ਕਛੂ ਨ ਹੋਈ ॥

**Mujh Te Kachoo Na Hoee**

ਗੁਰਬਾਣੀ ਕੀਰਤਨ

ਡਾ. ਜਾਗੀਰ ਸਿੰਘ, ਚੰਡੀਗੜ੍ਹ

ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ
ਬਿਖਮੁ ਤੇਰਾ ਹੈ ਭਾਣਾ
ਪ੍ਰਭ ਡੋਰੀ ਹਾਥਿ ਤੁਮਾਰੇ
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ

Mere Raam Rai Mujh te kachoo na hoee
Bikham tera hai Bhana
Prabh Dori Haath Tumhare
Mere Har Jeo Sabh Ko Tere Vas

**DR. JAGIR SINGH**
# 422, Sector 15-A, Chandigarh
Ph : 0172-2772660, 098140 53630
e-mail : drjagirsingh@gmail.com
www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ
ਮੋਬਾਇਲ ਨੰ: 09814053630
ਉੱਤੇ ਐਸ. ਐੱਮ. ਐਸ. ਕਰੋ ਜੀ

# ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015
ਮੋਬਾਇਲ : 09814053630
**E-mail : drjagirsingh@gmail.com Website : www.amritkirtan.com**

ਦਾ ਮਹੰਤ ਦੇ ਵਿਅਕੀਤਵ ਉੱਤੇ ਬਹੁਤ ਪ੍ਰਭਾਵ ਸੀ। ਉਹ ਬਹੁਤ ਵਾਰ ਗੋਸੁਆਮੀ ਜੀ
ਖਿਆਨ ਕਰਦੇ ਸਨ ਜਿਨ੍ਹਾਂ ਤੋਂ ਉਨ੍ਹਾਂ ਦੇ ਜੀਵਨ ਤੇ ਸੁਆਮੀ ਜੀ ਦੇ ਉੱਚੇ ਸੁਚੇ ਜੀਵਨ ਦੇ
ੈ।

ਘ ਤਾਲੀਮ ਪ੍ਰਾਪਤ ਕਰਨ ਉਪਰੰਤ ਗੁਰਦੁਆਰਾ ਗੁਰੂਸਰ ਵਿਖੇ ਰਹਿਣ ਲੱਗੇ। ਇਥੇ ਰਹਿ
ਤੀ ਅਤੇ ਨਾਲ ਹੀ ਤਾਊਸ ਦਾ ਰਿਆਜ਼ ਕਰਦੇ ਰਹੇ। ਸ਼ਾਂਤ ਵਾਤਾਵਰਣ ਵਿਚ ਮਹੰਤ ਜੀ
ਮ ਅਨੁਭਵ ਅਤੇ ਗੰਭੀਰ ਚਿੰਤਨ ਵਿਚ ਬਹੁਤ ਸਹਾਈ ਹੋਇਆ। ਮਹੰਤ ਜੀ ਤਾਊਜ
ਪੁੰਨ ਹੋ ਗਏ। ਇਨ੍ਹਾਂ ਦੀ ਨਿਪੁੰਨਤਾ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ
ਫਿਰੋਜ਼ਪੁਰ ਦੇ ਜ਼ਿਲ੍ਹੇ ਮੇਹਰਾਜ ਪਿੰਡ ਦੀ ਹੱਦ ਵਿਚ ਛੇਵੇਂ ਪਾਤਸ਼ਾਹ ਜੀ ਦਾ ਤਾਲ ਜਿਸਦੇ
ਹੀ ਸੇਨਾ ਨਾਲ ਤੀਜਾ ਜੰਗ ਗੁਰੂ ਸਾਹਿਬ ਜੀ ਨੇ ਕੀਤਾ, ਜਿਸ ਥਾਂ ਗੁਰੂ ਸਾਹਿਬ ਜੀ ਦਾ
ੀਰਾ ਸਿੰਘ ਨਾਭਾਪਤੀ ਨੇ ਬਹੁਤ ਸੁੰਦਰ ਗੁਰਦੁਆਰਾ ਬਣਾਇਆ ਹੈ, ਇਸ ਥਾਂ ਤੇ ਮਹੰਤ
ਵਿਚ ਅਦੁੱਤੀ ਰਾਗ ਵਿਦਿਆ ਦੇ ਪੰਡਿਤ ਹੁੰਦੇ ਸਨ। ਜਿਹਨਾਂ ਨੇ ਵੀ ਤਾਊਸ ਅਲਾਪ
ਉਨ੍ਹਾਂ ਨੂੰ ਨਹੀਂ ਭੁਲਦੇ।"

ੂਸ ਦੀ ਉਸਤਤ ਪਟਿਆਲਾ ਮਹਾਰਾਜਾ ਭੁਪਿੰਦਰ ਸਿੰਘ (1891-1938) ਤੱਕ ਪਹੁੰਚੀ।

ਵਿਚ ਉਨ੍ਹਾਂ ਦਾ 'ਇਹ ਖੋਜ ਭਰਪੂਰ ਗ੍ਰੰਥ' 'ਗੁਰਮਤਿ ਸੰਗੀਤ' ਦੇ ਨਾਮ ਨਾਲ ਪ੍ਰਕਾਸ਼ਿਤ
ਕਾਨ੍ਹ ਸਿੰਘ ਨਾਭਾ ਨੇ (ਜਿਹੜੇ ਕੇ ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਸਨ) ਪੂਰਾ ਪੂਰਾ ਲ
ਸਿੰਘ ਖਾਲਸਾ ਦੇ ਮਹੰਤ ਗੱਜਾ ਸਿੰਘ ਸੰਬੰਧੀ ਸ਼ਬਦਾਂ ਵਿਚ "ਮਹੰਤ ਗੱਜਾ ਸਿੰਘ ਨੂੰ ਦੀ ਬੇ
ਜੋ ਕਿ ਉਨ੍ਹਾਂ ਦੇ ਸਮੇਂ 'ਚ ਤਾਊਸ ਸਮਰਾਟ ਹੀ ਕਹੇ ਜਾ ਸਕਦੇ ਹਨ। ਤਾਊਸ ਵਜਾਉਂਦੇ
ਦੀਆਂ ਛੱਲਾਂ ਦੇ ਆਤਮਿਕ ਹੁਲਾਰਿਆਂ 'ਚ ਗਵਾਚ ਕੇ ਹੀ ਰਹਿ ਜਾਂਦੇ ਤੇ ਇੰਜ ਕ
ਅਰਜਨ ਦੇਵ ਜੀ ਆਪ ਜੀ ਦੇ ਸਿਰ ਉਪਰ ਪੂਰਾ ਹੱਥ ਸੀ, ਕਿਉਂਕਿ ਤਾਊਸ ਸਾਜ਼ ਨੂੰ ਈਜ਼
ਜੀ' ਪੰਜਵੀਂ ਪਾਤਸ਼ਾਹ ਜੀ ਨੇ ਕੀਤਾ ਸੀ।"

ਮਹੰਤ ਗੱਜਾ ਸਿੰਘ ਦੀ ਵਾਦਯ ਪ੍ਰਵੀਨਤਾ ਬਾਰੇ ਕਈ ਘਟਨਾਵਾਂ ਪ੍ਰਸਿੱਧ
ਮਾਰਚ 1908 ਈ. ਨੂੰ ਮਹਾਰਾਜਾ ਭੁਪਿੰਦਰ ਸਿੰਘ (1891-1938) ਦੀ ਸ਼ਾਦੀ ਜੀਂਦ ਦੇ
ਦੀ ਧੀ ਬਖਤਾਵਰ ਕੌਰ ਨਾਲ ਹੋਣੀ ਤੈਅ ਹੋ ਗਈ ਸੀ। ਮਹਾਰਾਜਾ ਪਟਿਆਲਾ ਚਾ
(1870-1930) ਪਟਿਆਲਾ ਸ਼ਾਦੀ ਤੇ ਆ ਕੇ ਸ਼ਾਦੀ ਦੇ ਮਾਹੌਲ ਨੂੰ ਹੋਰ ਰੋਸ਼ਨ ਕਰ ਦੇ
ਜਾਨ ਨੂੰ ਪਹੁੰਚ ਕੀਤੀ ਗਈ ਤਾਂ ਗੋਹਰ ਜਾਨ ਨੇ ਮਹਾਰਾਜਾ ਪਟਿਆਲਾ ਦੀ ਸ਼ਾਦੀ ਤੇ ਆ
ਇਹ ਗੱਲ ਸੁਣ ਕੇ ਮਹਾਰਾਜਾ ਪਟਿਆਲਾ ਉਦਾਸ ਰਹਿਣ ਲੱਗ ਗਿਆ। ਜਿਸ ਸਮੇਂ ਮਹੰਤ
ਪਟਿਆਲਾ ਦੀ ਉਦਾਸੀ ਦਾ ਕਾਰਨ ਪਤਾ ਲੱਗਿਆ ਤਾਂ ਮਹੰਤ ਜੀ ਕਹਿਣ ਲੱਗੇ ਮਹਾਰਾਜ
ਅਰਥਾਂ ਵਿਚ ਸੰਗੀਤਕਾਰ ਹੋਈ ਤਾਂ ਉਹ ਪਟਿਆਲਾ ਜ਼ਰੂਰ ਪਹੁੰਚੇਗੀ। "ਪਰੰਤੂ ਜੇਕਰ
ਤਾਂ ਫਿਰ ਅਸੀਂ ਕੀ ਕਹਿ ਸਕਦੇ ਹਾਂ ?"

ਮਹੰਤ ਗੱਜਾ ਸਿੰਘ ਉਸੀ ਸਮੇਂ ਤਿਆਰੀ ਕਰਕੇ ਕਲਕੱਤਾ ਰਵਾਨਾ ਹੋ ਗਏ।
ਰਿਹਾਇਸ਼ ਦੇ ਨਜ਼ਦੀਕ ਆਪਣਾ ਤਾਊਸ ਵਾਦਨ ਆਰੰਭ ਕੀਤਾ। ਮਹੰਤ ਜੀ ਦਾ ਸੁਰੀਲ
ਆਲੇ-ਦੁਆਲੇ ਸਰੋਤਿਆਂ ਦਾ ਇਕੱਠ ਹੋ ਗਿਆ। ਕੁਝ ਸਮੇਂ ਬਾਅਦ ਗੌਹਰ ਜਾਨ ਜਦੋਂ

ਮਹੰਤ ਜੀ ਦਾ ਅਤਿ ਸੁਰੀਲਾ ਤਾਊਸ ਵਾਦਨ ਸੁਣਕੇ ਉਸਨੇ ਮਹੰਤ ਜੀ ਦੀ ਬਹੁਤ ਪ੍ਰਸੰਸਾ ਕੀਤੀ ਅਤੇ ਬਾਅਦ ਵਿਚ ਮਹੰਤ ਜੀ ਦੇ ਅਨੁਰੋਧ ਤੇ ਗੌਹਰ ਜਾਨ ਨੂੰ ਪਟਿਆਲਾ ਸ਼ਾਦੀ ਤੇ ਪੁੱਜਣ ਨੂੰ ਰਾਜ਼ੀ ਕਰ ਲਿਆ।

ਮਹੰਤ ਗੱਜਾ ਸਿੰਘ ਦੀ ਤਾਊਸ ਵਾਦਨ ਦੀ ਮੁਹਾਰਤ ਤੇ ਪ੍ਰਸਿੱਧੀ ਬਾਰੇ ਇੱਕ ਹੋਰ ਘਟਨਾ ਇਸ ਪ੍ਰਕਾਰ ਹੈ "1911 ਈ. ਵਿਚ ਅੰਗਰੇਜ਼ਾਂ ਨੇ ਕਲਕੱਤੇ ਤੋਂ ਆਪਣੀ ਪ੍ਰਸ਼ਾਸਨੀ ਸੋਖ ਲਈ ਰਾਜਧਾਨੀ ਜਦੋਂ ਦਿੱਲੀ ਵਿਖੇ ਲੈ ਕੇ ਆਏ ਤਾਂ ਉਥੇ ਅੰਗਰੇਜ਼ਾਂ ਨੇ ਜਸ਼ਨ ਦੀ ਤਿਆਰੀ ਕੀਤੀ ਅਤੇ ਜਸ਼ਨ ਵਿਚ ਦੇਸ਼ ਭਰ ਦੇ ਵੱਡੇ-ਵੱਡੇ ਕਲਾਕਾਰਾਂ ਨੇ ਭਾਗ ਲਿਆ, ਪਰੰਤੂ ਉਸ ਸਮੇਂ ਦੇ ਵਾਇਸਰਾਏ ਸਾਹਿਬ ਲਾਰਡ ਹਾਰਡਿੰਗ ਸਭ ਤੋਂ ਵੱਧ ਪ੍ਰਭਾਵਿਤ ਮਹੰਤ ਗੱਜਾ ਸਿੰਘ ਦੀ ਕਲਾ ਦੇਖ ਕੇ ਹੋਏ ਸਨ।"

ਇਕ ਪ੍ਰਸਿੱਧ ਘਟਨਾ ਇਹ ਹੈ ਕਿ ਮਹਾਰਾਜਾ ਸਾਹਿਬ ਨੇ ਮਹੰਤ ਗੱਜਾ ਸਿੰਘ ਨੂੰ ਜਾਰਜ ਪਚੰਮ ਨਾਲ ਪਰਿਚਿਤ ਕਰਵਾਇਆ ਸੀ। ਮਹੰਤ ਗੱਜਾ ਸਿੰਘ ਨੇ ਤਾਊਸ ਦੀਆਂ ਤਰਬਾਂ ਨੂੰ ਅਜੇ ਛੇੜਨਾ ਸ਼ੁਰੂ ਹੀ ਕੀਤਾ ਸੀ ਕਿ ਉਸਨੇ ਸਰੋਤਿਆਂ ਦੇ ਦਿਲਾਂ ਨੂੰ ਛੂ ਲਿਆ। ਦਰਬਾਰ ਵਿਚ ਜਾਰਜ ਪੰਚਮ ਅਤੇ ਲਾਰਡ ਹਾਰਡਿੰਗ, ਜਿਹੜੇ ਕਿ ਉਸ ਸਮੇਂ ਦੇ ਵਾਇਸਰਾਏ ਹਿੰਦ ਸੀ, ਮਹੰਤ ਗੱਜਾ ਸਿੰਘ ਦਾ ਤਾਊਸ ਸੁਣਿਆ ਅਤੇ ਸੁਣ ਕਿ ਬੇਹੱਦ ਪ੍ਰਸੰਨ ਹੋਏ ਅਤੇ ਇਹ ਤੱਤਕਾਲ ਹੁਕਮ ਜਾਰੀ ਕਰ ਦਿੱਤਾ ਕਿ ਮਹੰਤ ਜੀ ਅਤੇ ਉਨ੍ਹਾਂ ਦੇ ਸਾਥੀ ਵਾਦਕ ਕਲਾਕਾਰਾਂ ਨੂੰ ਉਮਰ ਭਰ ਲਈ ਰੇਲਵੇ ਦੇ ਪਹਿਲੇ ਦਰਜੇ ਦਾ ਪਾਸ ਦੇ ਦਿੱਤਾ ਤਾਂ ਕਿ ਉਹ ਆਪਣੀ ਕਲਾ ਹਿੰਦੁਸਤਾਨ ਦੇ ਕੋਨੇ-ਕੋਨੇ ਵਿਚ ਬਿਖੇਰ ਸਕਣ। ਉਸ ਸਮੇਂ ਇਹ ਕਿਸੀ ਸੰਗੀਤਕਾਰ ਦਾ ਬਹੁਤ ਵੱਡਾ ਸਨਮਾਨ ਸੀ।

ਮਹੰਤ ਗੱਜਾ ਸਿੰਘ ਦੀ ਸੰਗੀਤਕ ਉਚੱਤਾ ਨੂੰ ਗੋਰਿਆਂ, ਮੁਸਲਮਾਨਾਂ ਅਤੇ ਹਿੰਦੂ, ਸਿੱਖਾਂ ਸਭ ਨੇ ਸਵੀਕਾਰ ਕੀਤਾ ਪਰੰਤੂ ਮਹੰਤ ਜੀ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਮਹਾਰਾਜਾ ਪਟਿਆਲਾ ਦੀ ਇਛਾ ਦਾ ਪਾਲਣ ਕਰਦੇ ਹੋਏ, ਉਨ੍ਹਾਂ ਨੇ 'ਗੁਰਮਤਿ ਸੰਗੀਤ' ਗ੍ਰੰਥ ਸੰਪੂਰਨ ਕੀਤਾ। ਕਿਹਾ ਜਾਂਦਾ ਹੈ ਕਿ ਇਸ ਗ੍ਰੰਥ ਤੇ ਉਸ ਸਮੇ ਤਿੰਨ ਲੱਖ ਰੁਪਏ ਤੋਂ ਵੀ ਵੱਧ ਖਰਚਾ ਹੋਇਆ ਸੀ। ਇਹ ਕੀ ਨਿਰੰਤਰ ਤਪ ਸਾਧਨਾਂ ਤੋਂ ਬਾਅਦ ਜਦੋਂ ਇਹ ਇਤਿਹਾਸਕ ਗ੍ਰੰਥ